**ਜੋ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।**

**ਤੁਸੀਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹਿ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ।**

**ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਸਵਾਲ ਨਾ ਕਰੋਗੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੋ ਤੁਸੀਂ ਪਿਤਾ ਕੋਲੋ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰ ਕੇ**



**ਤੁਹਾਨੂੰ ਦੇਵੇਗਾ ਅਜੇ ਤੀਕੁਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ।**

ਸਾਡਾ ਪਰਮੇ ਵਰ ਆਪਣੇ ਸੁਵਰਗੀ ਪਿਤਾ ਨਾਲ ਇੱਕ ਸੰਬੰਧ ਹੈ ਯਿਸੂ ਦੇ ਕਾਰਣ, ਅਤੇ ਯਿਸੂ ਦੇ ਕਾਰਣ ਪਰਮੇ ਵਰ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ। ਯਿਸੂ ਮਸੀਹ ਸਾਡੇ ਲਈ ਸਭ ਕੁਝ ਹੈ। ਉਸਦੇ ਬਗੈਰ ਅਸੀਂ ਕੁਝ ਵੀ ਨਹੀਂ। ਇਹੋ ਕਾਰਣ ਹੈ ਕਿ ਅਸੀਂ ਯਿਸੂ ਮਸੀਹ ਦੇ ਨਾਮ ਵਿਚ ਆਪਣੇ ਸੁਵਰਗੀ ਪਿਤਾ ਤਕ ਪ੍ਰਾਰਥਨਾ ਵਿੱਚ ਪਹੁੰਚ ਸਕਦੇ ਹਾਂ।

ਜਦੋਂ ਅਸੀਂ ਯਿਸੂ ਦੇ ਨਾਂ ਵਿੱਚ ਮੰਗਦੇ ਹਾਂ, ਇਹ ਇਸ ਤਰ੍ਹਾ ਹੈ ਜਿਵੇਂ ਯਿਸੂ ਪਿਤਾ ਤੋਂ ਸਾਡੇ ਲਈ ਮੰਗਦਾ ਹੈ।

ਜਿਵੇਂ ਤੁਸੀਂ ਉਪਰ ਯਿਸੂ ਦੇ ਬਚਨਾਂ ਤੋਂ ਦੇਖ ਸਕਦੇ ਹੋ, ਅਸੀਂ ਯਿਸੂ ਦੇ ਨਾਂ ਵਿਚ ਪੂਰੇ ਭਰੋਸੇ ਨਾਲ ਆਪਣੇ ਸੁਵਰਗੀ ਪਿਤਾ ਤਕ ਪਹੁੰਚ ਸਕਦੇ ਹਾਂ, ਅਤੇ ਪਰਮੇ ਵਰ ਸਾਡੀਆਂ ਪ੍ਰਾਥਨਾਵਾਂ ਦਾ ਉੱਤਰ ਦੇਵੇਗਾ। ਜਦੋਂ ਤੁਸੀਂ ਯਿਸੂ ਦੇ ਨਾਂ ਵਿਚ ਮੰਗਦੇ ਹੋ ਤਾਂ ਜੋ ਤੁਸੀਂ ਮੰਗਿਆ ਹੈ ਉਸਨੂੰ ਅਤੇ ਹੋਰ ਜਿਆਦਾ ਪਾਉਣ ਦੀ ਆਸ ਰੱਖੋ। ਯਾਦ ਰੱਖੋ, ਤੁਸੀਂ ਕਿਸਨੂੰ ਆਪਣੀ ਸਹਾਇਤਾ ਲਈ ਕਹਿ ਰਹੇ ਹੋ, ਸੰਪੂਰਨ ਸਰਿ ਟੀ ਦੇ ਕਰਤਾ ਨੂੰ ਜਿਸਨੇ ਸਭ ਕੁਝ ਬਣਾਇਆ ਹੈ ਜੋ ਤੁਸੀਂ ਦੇਖਦੇ ਹੋ ਕੁਝ ਨਹੀਂ ਦੇ ਵਿੱਚੋਂ, ਉਸਨੇ ਕਿਹਾ ਅਤੇ ਇਹ ਹੋ ਗਿਆ !

ਇਹ ਲਿਖਿਆ ਹੈ, **ਇਸ ਕਾਰਨ ਮੈ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ ਜਿਸ ਤੋਂ ਅਕਾ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ ਭਈ ਉਹ ਆਪਣੇ ਪਰਤਾਪ ਦੇ ਧਨ ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ ਤੁਸੀਂ ਉਹ ਆਤਮਾ ਦੇ ਰਾਹੀ ਅੰਦਰਲੀ ਇਨਸਾਨੀਅਤ ਵਿੱਚ ਸਮਰੱਥਾ ਨਾਲ ਬਲਵੰਤ ਬਣੋ ਕਿ ਮਸੀਹ ਤੁਹਾਡਿਆਂ ਮਨਾਂ ਵਿੱਚ ਨਿਹਚਾ ਦੇ ਦੁਆਰਾ ਵੱਸੇ ਤਾਂ ਜੋ ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ ਤੁਸੀਂ ਸਾਰੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰਾਂ ਸਮਝ ਸੱਕੀਏ ਭਈ ਕਿੰਨੀ ਹੀ ਚੁੜਾਈ ਲੰਬਾਈ, ਉਚਾਈ ਅਤੇ ਡੂੰਘਾਈ ਹੈ ਅਤੇ ਮਸੀਹ ਦੇ ਪ੍ਰੇਮ ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰਾਂ ਜਾਣ ਸੱਕੋ ਭਈ ਤੁਸੀਂ ਪਰੇਮੁ ਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ। ਹੁਣ ਉਹ ਦੀ ਅਜਿਹਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿੱਚ ਪੋਹੰਦੀ ਹੈ ਕਲੀਸਿਯਾ ਵਿੱਚ ਅਤੇ ਮਸੀਹ ਯਿਸੂ ਵਿੱਚ ਸਾਰੀਆਂ ਪੀੜ੍ਹੀਆਂ ਤੀਕੁਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ।। ਆਮੀਨ।।**

ਤੁਹਾਨੂੰ ਹੁਣ ਕਦੇ ਚਿੰਤਾ ਕਰਨ ਦੀ ਲੋੜ ਨਹੀਂ ਜਾਂ ਕਿਸੇ ਵੀ ਚੀਜ ਬਾਰੇ ਚਾਹਵਾਨ ਹੋਣ ਦੀ ਲੋੜ ਨਹੀਂ। ਇਹ ਲਿਖਿਆ ਹੈ, **ਕਿਸੇ ਗੱਲ ਦੀ ਚਿੰਤਾ ਨਾ ਕਰੋ ਸੰਗੋ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇ ਰ ਦੇ ਅੱਗੇ ਕੀਤੀਆਂ ਜਾਣ ਅਤੇ ਪਰਮੇ ਰ ਦੀ ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡੀਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।**

ਕਿਸੇ ਵੀ ਸਮੇਂ ਤੁਹਾਨੂੰ ਪਰਮੇ ਵਰ ਦੀ ਾਂਤੀ ਦੀ ਘਾਟ ਹੋਵੇ, ਪ੍ਰਾਰਥਨਾ ਕਰੋ ਅਤੇ ਆਪਣਿਆਂ ਸਾਰੀਆਂ ਚਿੰਤਾਵਾਂ ਪ੍ਰਭੂ ਤੇ ਸੁੱਟ ਦਿਓ। ਜਦੋਂ ਤੁਸੀਂ ਆਪਣੀਆਂ ਬੇਨਤੀਆਂ ਕਰਦੇ ਹੋ ਤਾਂ ਉਸਦਾ ਧੰਨਵਾਦ ਕਰੋ ਅਤੇ ਉਸਦੀ ਾਂਤੀ ਤੁਹਾਡੀ ਹੋਵੇਗੀ।

ਤੁਹਾਡੇ ਮਸੀਹੀ ਜੀਵਨ ਵਿਚ ਅਜਿਹੇ ਸਮੇਂ ਆਉਣਗੇ ਜਦੋਂ ਤੁਹਾਨੂੰ ਪਤਾ ਨਾ ਲੱਗੇ ਕਿ ਕੀ ਕਰਨਾ ਹੈ ਅਤੇ ਤੁਹਾਨੂੰ ਪਰਮੇ ਵਰ ਤੋਂ ਬੁੱਧੀ ਦੀ ਲੋੜ ਹੋਵੇਗੀ। ਇਹ ਲਿਖਿਆ ਹੈ, **ਪਰ ਜੋ ਤੁਹਾਡੇ ਵਿਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇ ਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨ੍ਹਾਂ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ ਕਿਉਂ ਜੋ ਭਰਮ ਕਰਨ ਵਾਲਾ ਸਮੁੰਦਰ ਦੀ ਛੱਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ ਇਹੋ ਜਿਹਾ ਮਨੁੱਖ ਨਾ ਸਮਝੇ ਭਈ ਪ੍ਰਭੂ ਕੋਲੋ ਮੈਨੂੰ ਕੁਝ ਲੱਭੇਗਾ ਉਹ ਦੁਚਿੱਤਾ ਮਨੁੱਖ ਹੈ ਜਿਹੜਾ ਆਪਣੀਆਂ ਸਾਰੀਆਂ ਚਲਣਾ ਵਿਚੋਂ ਚੰਚਲ ਹੈ।**

ਤੁਸੀਂ ਬੁੱਧ ਲਈ ਹਮੇ ਾ ਪਰਮੇ ਵਰ ਤੋਂ ਮੰਗ ਸਕਦੇ ਹੋ, ਪਰ ਤੁਹਾਨੂੰ ਜਰੂਰੀ ਹੈ ਉਸਦੀ ਆਸ ਰੱਖੋ ਕਿ ਉੱਤਰ ਪਾਓ ਜਿਸ ਬੁੱਧੀ ਦੀ ਤੁਹਾਨੂੰ ਲੋੜ ਹੈ।

ਪ੍ਰਾਰਥਨਾ ਤੁਹਾਡੀ ਪਰਮੇ ਵਰ ਤੋਂ ਜੀਵਨ ਰੇਖਾ ਹੈ। ਬਾਈਬਲ ਆਖਦੀ ਹੈ, ਹਰ ਰੋਜ ਪ੍ਰਾਰਥਨਾ ਕਰਨ ਦਾ ਅਭਿਆਸ ਕਰੋ, ਇੱਥੋ ਤਕ ਕਿ ਇਕ ਦਿਨ ਵਿੱਚ ਕਈ ਬਾਰ । ਕੋਈ ਇੱਕ ਾਂਤ ਜਗ੍ਹਾ ਲੱਭਫ਼ ਜਿੱਥੇ ਤੁਸੀ. ਹਰ ਰੋਜ ਪ੍ਰਭੂ ਨਾਲ ਸਮਾਂ ਬਿਤਾ ਸਕੋ।

ਪਰਮੇ ਵਰ ਦੇ ਬਚਨ ਵਿਚੋਂ ਹੇਠ ਲਿਖਿਆਂ ਆਇਤਾਂ ਯਿਸੂ ਦੇ ਪ੍ਰਾਰਥਨਾ ਦੇ ਸਮੇਂ ਨੂੰ ਦੱਸਦੀਆਂ ਹਨ।

**ਅਤੇ ਉਹ ਭੀੜ ਨੂੰ ਵਿਦਿਆ ਕਰਕੇ ਪ੍ਰਾਰਥਨਾ ਕਰਨ ਲਈ ਨਿਰਾਲੇ ਵਿੱਚ ਪਹਾੜ ਤੇ ਚੱੜ ਗਿਆ ਅਰ ਜਾਂ ਸੰਝ ਹੋਈ ਤਾਂ ਉਹ ਉੱਥੇ ਇਕੱਲਾ ਹੀ ਸੀ।**

**ਉਹ ਵੱਡੇ ਤੜਕੇ ਕੁਝ ਰਾਤ ਰਹਿੰਦੀਆਂ ਉੱਠ ਕੇ ਬਾਹਰ ਨਿਕਲੀਆ ਅਰ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ।**



**ਉਨੀਂ ਦਿਨੀਂ ਅਜਿਹਾ ਹੋਇਆ ਜੋ ਉਹ ਪ੍ਰਾਰਥਨਾ ਕਰਨ ਲਈ ਪਹਾੜ ਉੱਤੇ ਗਿਆ ਅਰ ਪਰਮੇ ਰ ਅੱਗੇ ਪ੍ਰਾਰਥਨਾ ਕਰਦੀਆਂ ਸਾਰੀ ਰਾਤ ਕੱਟੀ ।**

**ਪਰ ਉਹ ਆਪ ਉਜਾਂੜਾਂ ਵਿੱਚ ਜਾਂਦਾ ਅਤੇ ਪ੍ਰਾਰਥਨਾ ਕਰਦਾ ਹੁੰਦਾ ਸੀ।**

ਯਿਸੂ ਮਸੀਹ ਨੇ ਪਿਤਾ ਦੇ ਨਾਲ ਪ੍ਰਾਰਥਨਾ ਵਿਚ ਇਕੱਲੇ ਰਹਿਣ ਨੂੰ ਪਹਿਲ ਦਿੱਤੀ, ਅਤੇ ਸਾਡੇ ਵਿਚੋਂ ਹਰ ਕੋਈ ਜਰੂਰ ਹੈ ਕਿ ਇਹੋ ਕਰੇ ਆਪਣੇ ਸੰਬੰਧ ਨੂੰ ਉਸ ਨਾਲ ਬਣਾਏ ਰੱਖਣ ਲਈ।

ਆਓ ਠੀਕ ਹੁਣੇ ਪਰਮੇ ਵਰ ਦਾ ਪ੍ਰਾਰਥਨਾ ਵਿਚ ਧੰਨਵਾਦ ਕਰੀਏ –

## ਪਿਆਰੇ ਸੁਵਰਗੀ ਪਿਤਾ,

ਮੈਂ ਤੁਹਾਡੀ ਸਤੁਤਿ ਅਤੇ ਧੰਨਵਾਦ ਕਰਨਾ ਚਾਹੁੰਦਾ ਹਾਂ ਇਸ ਲਈ ਕਿ ਤੁਸੀਂ ਕੌਣ ਹੋ? ਤੁਸੀਂ ਇੰਨੇ ਅਦਭੁੱਤ ਅਤੇ ਆਦਰਯੋਗ ਹੋ। ਮੈਂ ਤੁਹਾਡੀ ਮਹਿਮਾ ਅਤੇ ਭਲਿਆਈ ਉੱਤੇ ਅਚੰਭਿਤ ਹਾਂ। ਮੈਂ ਤੁਹਾਡਾ ਇੰਨਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਯਿਸੂ ਮਸੀਹ ਦੇ ਨਾਂ ਵਿਚ ਪ੍ਰਾਰਥਨਾ ਵਿਚ ਤੁਹਾਡੇ ਨਜਦੀਕ ਆਉਣ ਲਈ ਅਨੁਮਤੀ ਦਿੱਤੀ। ਮੈਂ ਤੁਹਾਡੀ ਸੁਤੁਤਿ ਕਰਦਾ ਹਾਂ ਤੁਹਾਡੇ ਪ੍ਰੇਮ ਨੂੰ ਮੇਰੇ ਉੱਤੇ, ਆਪਣੇ ਬੱਚੇ ਉੱਪਰ ਪ੍ਰਗਟ ਕਰਨ ਲਈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਮੈਨੂੰ ਆਪਣੇ ਬਚਨ ਵਿਚ ਸੱਦਾ ਦੇਣ ਲਈ ਕਿ ਤੁਹਾਡੀ ਦਯਾ ਦੇ ਸਿੰਘਾਸਨ ਕੋਲ ਦਿਲੇਰੀ ਨਾਲ ਆਵਾਂ ਤਾਂਕਿ ਮੈਂ ਆਪਣੀ ਜਰੂਰਤ ਦੇ ਸਮੇਂ ਦਯਾ ਪਾ ਸਕਾਂ।

ਪ੍ਰਭੂ ਤੁਹਾਡਾ ਧੰਨਵਾਦ ਮੇਰੀਆਂ ਪ੍ਰਾਰਥਨਾਵਾਂ ਨੂੰ ਸੁਣਨ ਦੇ ਇੰਨੇ ਇੱਛੁਕ ਹੋਣ ਲਈ ਅਤੇ ਉਨ੍ਹਾਂ ਦਾ ਉੱਤਰ ਦੇਣ ਲਈ। ਤੁਹਾਡਾ ਧੰਨਵਾਦ ਕਿ ਮੈਂ ਤੁਹਾਡੇ ਕੋਲ ਯਕੀਨ ਨਾਲ ਪਹੁੰਚਣ ਦੇ ਯੋਗ ਹਾਂ ਜਦੋਂ ਮੈਂ ਯਿਸੂ ਦੇ ਨਾਂ ਵਿਚ ਆਉਂਦਾ ਹਾਂ।

ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਪ੍ਰਭੂ, ਕਿ ਤੁਸੀਂ ਆਪਣੇ ਬੱਚਿਆਂ ਨੂੰ ਚੰਗੇ ਤੋਹਫੇ ਦੇਣ ਵਿਚ ਪ੍ਰੇਮ ਕਰਦੇ ਹੋ ਅਤੇ ਇਹ ਕੀ ਤੁਸੀਂ ਜਾਣਦੇ ਹੋ ਜਿਸ ਦੀ ਮੈਨੂੰ ਲੋੜ ਹੈ ਇੱਥੋ ਤੱਕ ਕਿ ਮੇਰੇ ਮੰਗਣ ਤੋਂ ਪਹਿਲਾਂ ਹੀ। ਤੁਹਾਡਾ ਧੰਨਵਾਦ ਆਪਣੇ ਬਚਨ ਵਿਚ ਆਪਣੀ ਇੱਛਾ ਨੂੰ ਮੈਨੂੰ ਦਿਖਾਉਣ ਲਈ ਤਾਂਕਿ ਮੈਂ ਹਮੇ ਾ ਤੁਹਾਡੀ ਇੱਛਾ ਦੇ ਅਨੁਸਾਰ ਪ੍ਰਾਰਥਨਾ ਕਰ ਸਕਾਂ ਅਤੇ ਇਸ ਲਈ ਹਮੇ ਾ ਤੁਹਾਡੀ ਆਸ ਰੱਖਾਂ ਮੈਨੂੰ ਉੱਤਰ ਦੇਣ ਲਈ।

ਮੈਂ ਤੁਹਾਡਾ ਇੰਨਾ ਧੰਨਵਾਦੀ ਹਾਂ ਕਿ ਇਹ ਤੁਹਾਡੀ ਇੱਛਿਆ ਹੈ ਇਸ ਧਰਤੀ ਦੇ ਉੱਤੇ ਮੇਰੇ ਲਈ ਜਿਸ ਤਰ੍ਹਾਂ ਇਹ ਸੁਵਰਗ ਵਿਚ ਹੈ। ਸੁਵਰਗੀ ਪਿਤਾ ਮੈਂ ਠੀਕ ਹੁਣੇ ਮੰਗਦਾ ਹਾਂ ਤੁਹਾਡੇ ਰਾਜ ਲਈ ਕਿ ਮੇਰੇ ਜੀਵਨ ਵਿਚ ਅੱਜ ਆਵੇ ਅਤੇ ਰਾਜ ਅਤੇ

ਾਸਨ ਕਰੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਮੇਰੇ ਪਾਪਾਂ ਨੂੰ ਮਾਫ ਕਰਨ ਲਈ ਅਤੇ ਮੈਂ ਚੁਣਦਾ ਹਾਂ ਦੂਸਰਿਆਂ ਨੂੰ ਮਾਫ ਕਰਨਾ ਜਦੋਂ ਉਹ ਮੇਰੇ ਖਿਲਾਫ ਪਾਪ ਕਰਦੇ ਹਨ।

ਮੈਂ ਮੰਗਦਾ ਹਾਂ ਕਿ ਤੁਸੀਂ ਮੇਰੀਆਂ ਅੱਜ ਦੀਆਂ ਸਾਰੀਆਂ ਜਰੂਰਤਾਂ ਨੂੰ ਆਪਣੀ ਮਹਿਮਾ ਦੇ ਉਸ ਧੰਨ ਅਨੁਸਾਰ ਜੋ ਮਸੀਹ ਯਿਸੂ ਵਿਚ ਹੈ ਪ੍ਰਬੰਧ ਕਰੋ। ਮੈਂ ਮੰਗਦਾ ਹਾਂ ਤੁਹਾਡੇ ਬਚਨ ਦੇ ਅਨੁਸਾਰ ਅਲੌਕਿਕ ਤੰਦਰੁਸਤੀ ਅਤੇ ਖੁ ਹਾਲੀ ਵਿਚ ਜੀਉਣ ਲਈ, ਜਿਵੇਂ ਮੇਰੀ ਜਾਨ ਵੱਧ ਫੁੱਲ ਰਹੀ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਬਹੁਤਾਇਤ ਨਾਲ ਪ੍ਰਬੰਧ ਕੀਤਾ ਹੈ ਅਤੇ ਇਹ ਕਿ ਤੁਸੀਂ ਮੇਰੇ ਲਈ ਬਹੁਤ ਨਾਲੋਂ ਵੱਧ ਹੋ ਅਤੇ ਇਹ ਕਿ ਮੈਨੂੰ ਕਿਸੇ ਚੀਜ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ।

ਤੁਹਾਡਾ ਧੰਨਵਾਦ ਤੁਹਾਡੀ ਾਂਤੀ ਲਈ ਜੋ ਸਾਰੀ ਸਮਝ ਨੂੰ ਪਿੱਛੇ ਛੱਡ ਜਾਂਦੀ ਹੈ ਅਤੇ ਮਸੀਹ ਯਿਸੂ ਵਿਚ ਅੱਜ ਜਿਹੜੀ ਮੇਰੇ ਹਿਰਦੇ ਅਤੇ ਮਨ ਦੀ ਰੱਖਿਆ ਕਰਦੀ ਹੈ।

ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਪਾਪ, ਬੀਮਾਰੀ ਅਤੇ ਘਟੀ ਦਾ ਮੇਰੇ ਉੱਪਰ ਕੋਈ ਜੋਰ ਨਹੀਂ ਅਤੇ ਇਹ ਕਿ ਮੈਂ ਅੱਜ ਯਿਸੂ ਮਸੀਹ ਮੇਰੇ ਪ੍ਰਭੂ ਮੁਕਤੀਦਾਤਾ ਅਤੇ ਚੰਗਾ ਕਰਨ ਵਾਲੇ ਦੇ ਦੁਆਰਾ ਜੇਤੂਆਂ ਨਾਲੋਂ ਵੱਧ ਕੇ ਹਾਂ।

ਮੈਂ ਹੁਣ ਤੁਹਾਡੇ ਕੋਲੋਂ ਮੰਗਦਾ ਹਾਂ ਕਿ ਮੈਨੂੰ ਆਪਣੀ ਮਹਿਮਾ ਅਤੇ ਆਦਰ ਲਈ ਸਾਰੀ ਬੁੱਧ ਦਿਓ ਜਿਸਦੀ ਮੈਨੂੰ ਅੱਜ ਲੋੜ ਹੈ ਇੱਕ ਵਿ ਵਾਸ ਅਤੇ ਪ੍ਰੇਮ ਦਾ ਜੀਵਨ ਗੁਜਾਰਨ ਲਈ। ਪਵਿੱਤਰ ਆਤਮਾ ਲਈ ਤੁਹਾਡੀ ਧੰਨਵਾਦ ਜਿਹੜਾ ਅੱਜ ਮੈਨੂੰ ਸਾਰੀ ਸਚਿਆਈ ਵਿਚ ਅਗਵਾਈ ਕਰਦਾ ਹੈ।

ਮੈਨੂੰ ਸਿਖਾਓ ਕਿ ਕਿਸ ਤਰਾਂ ਉਸ ਤਰੀਕੇ ਨਾਲ ਜੀਵਨ ਗੁਜਾਰਾਂ ਜਿਹੜਾ ਤੁਹਾਨੂੰ ਖੁ ਕਰਦਾ ਹੈ ਤਾਂਕਿ ਮੈਂ ਉਹ ਬਣਾ ਜੋ ਤੁਸੀਂ ਮੇਰੇ ਤੋਂ ਚਾਹੁੰਦੇ ਹੋ ਅਤੇ ਇਹ ਕਿ ਮੈਂ ਹਮੇ ਾ ਤੁਹਾਡੀ ਇੱਛਿਆ ਨੂੰ ਪੂਰਾ ਕਰਾਂ। ਮੇਰੀਆਂ ਪ੍ਰਾਰਥਨਾਵਾਂ ਸੁਣਨ ਲਈ ਤੁਹਾਡਾ ਧੰਨਵਾਦ।

ਯਿਸੂ ਦੇ ਨਾਂ ਵਿਚ ਪ੍ਰਾਰਥਨਾ ਕਰਦਾ ਹਾਂ।

ਆਮੀਨ !



# ਸੱਚੀ ਖੁ ੀ

## ਆਤਮਾ ਵਿੱਚ ਨਵਾਂ ਜੀਵਨ ਹੈ

## ਅਧਿਆਇ ਛੇ

**6**



ਸੱਚੀ ਖੁ ੀ ਆਤਮਾ ਵਿੱਚ ਨਵਾਂ ਜੀਵਨ ਹੈ!

ਪਵਿੱਤਰ ਆਤਮਾ ਨੇ ਪਹਿਲਾਂ ਹੀ ਤੁਹਾਡੇ ਜੀਵਨ ਤੇ ਪ੍ਰਭਾਵ ਪਾਇਆ ਹੈ ਜਦੋਂ ਤੁਸੀਂ ਯਿਸੂ ਮਸੀਹ ਨੂੰ ਆਪਣੇ ਵਿਅਕਤੀਗਤ ਮੁਕਤੀਦਾਤਾ ਅਤੇ ਪ੍ਰਭੂ ਦੇ ਤੌਰ ਤੇ ਕਬੂਲ ਕੀਤਾ।

ਤੁਸੀਂ ਪਰਮੇ ਵਰ ਦੀ ਆਤਮਾ ਦੇ ਨਾਲ ਚਾਨਣ ਪਾਏ ਗਏ ਸੀ ਅਤੇ ਫੇਰ ਤੁਸੀਂ ਪਵਿੱਤਰ ਆਤਮਾ ਨਾਲ ਨਵਾਂ ਜਨਮ ਪਾਇਆ ਸੀ। ਉਹ ਹੁਣ ਤੁਹਾਡੇ ਵਿਚ ਰਹਿੰਦਾ ਹੈ ਅਤੇ ਤੁਹਾਡੇ ਜੀਵਨ ਦੇ ਹਰ ਖੇਤਰ ਵਿਚ ਅਗਵਾਈ ਅਤੇ ਦਿ ਾ ਦੇਣਾ ਚਾਹੁੰਦਾ ਹੈ।

ਤੁਸੀਂ ਆਪਣੇ ਜੀਵਨ ਦੀ ਕੁਦਰਤੀ ਸੂਝ ਅਤੇ ਸਮਝ ਤੋਂ ਵੀ ਉੱਪਰ ਉੱਠਣ ਦੇ ਯੋਗ ਹੋ ਕਿਉਂਕਿ ਪਵਿੱਤਰ ਆਤਮਾ ਹੁਣ ਤੁਹਾਡੇ ਵਿਚ ਰਹਿੰਦਾ ਹੈ। ਤੁਸੀਂ ਮਸੀਹ ਦੇ ਵਿਚ ਜਿਵਾਲੇ ਗਏ ਅਤੇ ਜੀਉਂਦੇ ਹੋ ਅਤੇ ਤੁਹਾਡੀਆਂ ਸੰਭਾਵਨਾਵਾਂ ਨਾ ਖਤਮ ਹੋਣ ਵਾਲੀਆਂ ਹਨ।

ਪਵਿੱਤਰ ਆਤਮਾ ਹੁਣ ਤੁਹਾਨੂੰ ਤੁਹਾਡੀ ਜਿੰਦਗੀ ਦੇ ਹਰੇਕ ਖੇਤਰ ਵਿਚ ਅਗਵਾਈ ਅਤੇ ਨਿਰਦੇ ਿਤ ਕਰੇਗਾ ਉਨ੍ਹਾਂ ਤਰੀਕਿਆਂ ਨਾਲ ਜਿਨਾਂ ਦਾ ਤੁਸੀਂ ਸੁਪਨਾ ਵੀ ਨਹੀਂ ਲਿਆ।

ਪਰਮੇ ਵਰ ਦਾ ਆਤਮਾ ਤੁਹਾਡੀ ਆਤਮਾ ਨਾਲ ਮਿਲਕੇ ਗਵਾਹੀ ਦੇਵੇਗਾ ਕਿ ਤੁਸੀਂ ਉਸਦੀ ਸੰਤਾਨ ਹੋ ਅਤੇ ਹੁਣ ਤੁਸੀਂ ਉਸਦੀ ਆਤਮਾਂ ਦੇ ਚਲਾਏ ਚਲ ਸਕਦੇ ਹੋ ਹਰ ਗੱਲ ਵਿਚ ਜੋ ਤੁਸੀਂ ਕਰੋਗੇ ਜਿਵੇਂ ਹੀ ਤੁਸੀਂ ਉਸਦੇ ਨਾਲ ਸਹਿਯੋਗ ਕਰੋਗੇ ਅਤੇ ਉਸਦੇ ਨਿਰਦੇ ਦੇ ਪਿੱਛੇ ਹੋਵੇਗੇ। ਚਲੋਗੇ।

**ਸੱਚੀ ਖੁ ੀ ਆਤਮਾ ਵਿਚ ਨਵਾਂ ਜੀਵਨ ਹੈ .....**

ਯਿਸੂ ਮਸੀਹ, ਇਸ ਗੱਲ ਨੂੰ ਜਾਣਦੇ ਹੋਏ ਕਿ ਉਹ ਜਲਦ ਹੀ ਆਪਣਾ ਜੀਵਨ ਸਾਰੀ ਮਾਨਵ ਜਾਤ ਲਈ ਦੇ ਦੇਣਗੇ ਅਤੇ ਸੁਵਰਗ ਵਿਚ ਆਪਣੇ ਪਿਤਾ ਕੋਲ ਵਾਪਿਸ ਚਲੇ ਜਾਣਗੇ ਉਨ੍ਹਾਂ ਨੂੰ ਇਹ ਕਿਹਾ ਜਿਹੜੇ ਉਨ੍ਹਾਂ ਦੇ ਨਾਲ ਰਹੇ ਸਨ ਅਤੇ ਉਨ੍ਹਾਂ ਤੇ ਵਿ ਵਾਸ ਕਰਦੇ ਸਨ :-

**ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬ ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ ਅਰਥਾਤ ਸਚਿਆਈ ਦਾ ਆਤਮਾ ਜਿਹ ਨੂੰ ਜਗਤ ਨਹੀਂ ਪਾ ਸਕੱਦਾ ਕਿਉਂ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿੱਚ ਹੋਵੇਗਾ ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ ਮੈਂ ਤੁਹਾਡੇ ਕੋਲ ਆਵਾਂਗਾ।**

**ਮੈਂ ਇਹ ਗੱਲਾਂ ਤੁਹਾਡੇ ਨਾਲ ਰਹਿੰਦਿਆਂ ਤੁਹਾਨੂੰ ਆਖੀਆਂ ਹਨ ਪਰ ਉਹ ਸਹਾਇਕ ਅਰਥਾਤ ਪਵਿੱਤ੍ਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖੀਆਂ ਹੈ ਤੁਹਾਨੂੰ ਚੇਤੇ ਕਰਾਵੇਗਾ ਮੈਂ ਤੁਹਾਨੂੰ ਾਂਤੀ ਦੇ ਜਾਂਦਾ ਹਾਂ। ਆਪਣੀ ਾਂਤੀ ਮੈਂ ਤੁਹਾਨੂੰ ਦਿੰਦਾ ਹਾਂ ਜਿਸ ਤਰਾਂ ਸੰਸਾਰ ਦਿੰਦਾ ਹੈ ਮੈ ਉਸ ਤਰ੍ਹਾਂ ਤੁਹਾਨੂੰ ਨਹੀਂ ਦਿੰਦਾ ਹਾਂ। ਤੁਹਾਡਾ ਦਿਲ ਨਾ ਘਬਰਾਵੇ ਅਤੇ ਨਾ ਡਰੇ।**

**ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿਕਲਦਾ ਹੈ ਤਾਂ ਉਹ ਮੇਰੇ ਹੱਕ ਵਿੱਚ ਸਾਖੀ ਦੇਵੇਗਾ ਅਤੇ ਤੁਸੀਂ ਵੀ ਗਵਾਹ ਹੋ ਕਿਉਂਕਿ ਮੁੱਢੋਂ ਮੇਰੇ ਨਾਲ ਰਹੇ ਹੋ।**

**ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖਿਆਂ ਹਨ ਜੋ ਤੁਸੀ ਠੋਕਰ ਨਾ ਖਾਓ।**

**ਪਰ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ ।**



**ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ ਉਹ ਮੇਰੀ ਵਡਿਆਈ ਕਰੇਵਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ ਸੱਭੋ ਕੁਝ ਜੋ ਪਿਤਾ ਦਾ ਹੈ ਸੋ ਮੇਰਾ ਹੈ। ਇਸੇ ਕਾਰਨ ਮੈਂ ਆਖਿਆ ਜੋ ਉਹ ਮੇਰੀਆਂ ਗੱਲਾਂ ਵਿਚੋਂ ਲੈ ਕੇ ਤੁਹਾਨੂੰ ਦੱਸੇਗਾ।**

ਯਿਸੂ ਮਸੀਹ ਤਿੰਨ ਸਾਲਾਂ ਤੋਂ ਉਪਰ ਹਰ ਰੋਜ ਦੇ ਅਧਾਰ ਤੇ ਆਪਣੇ ਚੇਲਿਆਂ ਦੇ ਨਾਲ ਆਪਦੇ ਧਰਤੀ ਦੇ ਸਰੀਰ ਵਿਚ ਮੌਜੂਦ ਰਹੇ ਸਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਉਸ ਤੋਂ ਸਿੱਖਿਆ ਅਤੇ ਉਸਨੇ ਉਨ੍ਹਾਂ ਦੀਆਂ ਸਾਰੀਆਂ ਜਰੂਰਤਾਂ ਨੂੰ ਪੂਰਾ ਕੀਤਾ। ਇਸ ਲਈ ਉਹ ਉਨ੍ਹਾਂ ਨੂੰ ਤਸੱਲੀ, ਦਿਲੇਰੀ ਅਤੇ ਪੱਕਾ ਕਰਨਾ ਚਾਹੁੰਦੇ ਸੀ ਕਿ ਉਹ ਜਿਵੇਂ ਹੀ ਵਾਪਿਸ ਆਪਣੇ ਪਿਤਾ ਕੋਲ ਸੁਵਰਗ ਜਾਣਗੇ, ਪਰਮੇ ਵਰ ਫੇਰ ਵੀ ਉਨ੍ਹਾਂ ਦੇ ਨਾਲ ਰਹਿਣਗੇ, ਜਿਵੇਂ ਉਹ ਉਨ੍ਹਾਂ ਦੇ ਨਾਲ ਸਨ।

ਬਾਈਬਲ, ਪਰਮੇ ਵਰ ਦਾ ਬਚਨ ਸਾਨੂੰ ਇਹ ਸਿਖਾਉਂਦਾ ਹੈ ਕਿ ਇੱਥੇ ਇੱਕੋ ਪਰਮੇ ਵਰ ਹੈ, ਤਿੰਨ ਵਿਅਕਤੀਆਂ ਵਿਚ ਪ੍ਰਗਟ ਹੋਇਆ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਇਹ ਮਹੱਤਵਪੂਰਨ ਹੈ ਕਿ ਅਸੀਂ ਪਰਮੇ ਵਰਤਵ ਦੇ ਹਰੇਕ ਵਿਅਕਤੀ ਨੂੰ ਪਹਿਚਾਣੀਏ ਅਤੇ ਹਰੇਕ ਨਾਲ ਸਹੀ ਸੰਬੰਧ ਦਾ ਵਿਕਾਸ ਕਰੀਏ ਜਿਵੇਂ ਬਚਨ ਸਾਨੂੰ ਸਿਖਾਉਂਦਾ ਹੈ।

ਤੁਹਾਡਾ ਪਵਿੱਤਰ ਆਤਮਾ ਨਾਲ ਪਹਿਲ੍ਹਾਂ ਉਸ ਸਮੇਂ ਸਾਹਮਣਾ ਹੁੰਦਾ ਹੈ ਜਦੋਂ ਉਹ ਤੁਹਾਨੂੰ ਤੁਹਾਡੇ ਕਰਤਾ ਦੇ ਨਾਲ ਸੰਬੰਧ ਰੱਖਣ ਦੀ ਜਰੂਰਤ ਨੂੰ ਤੁਹਾਡੇ ਉਪਰ ਪ੍ਰਗਟ ਕਰਦਾ ਹੈ। ਉਹ ਆਤਮਿਕ ਚੀਜਾਂ ਲਈ ਤੁਹਾਡੀਆਂ ਅੱਖਾਂ ਨੂੰ ਖੋਲਦਾ ਹੈ, ਤੁਹਾਨੂੰ ਜਿਵਾਲਦਾ ਹੈ ਜਦੋਂ ਤੁਸੀਂ ਆਪਣੇ ਪਾਪਾਂ ਵਿਚ ਮਰੇ ਹੋਏ ਹੀ ਸੀ। ਉਹ ਯਿਸੂ ਮਸੀਹ ਨੂੰ ਮੁਕਤੀਦਾਤਾ ਦੇ ਰੂਪ ਵਿਚ ਤੁਹਾਡੇ ਤੇ ਪ੍ਰਗਟ ਕਰਦਾ ਹੈ, ਪਰਮੇ ਵਰ ਵੱਲ ਮੁੜਨ ਦਾ ਇੱਕੋ ਰਾਹ।

ਤੁਸੀਂ ਨਵਾਂ ਜਨਮ ਪਾਇਆ ਜਾਂ ਆਤਮਾਂ ਤੋਂ ਪੈਦਾ ਹੋਏ ਜਦੋਂ ਤੁਸੀਂ ਯਿਸੂ ਨੂੰ ਆਪਣੇ ਪ੍ਰਭੂ ਅਤੇ ਮੁਕਤੀਦਾਤਾ ਦੇ ਰੂਪ ਕਬੂਲ ਕੀਤਾ। ਤੁਸੀਂ ਪਰਮੇ ਵਰ ਤੋਂ ਇੱਕ ਅਲੌਕਿਕ ਜਾਂ ਆਤਮਕ ਸੁਭਾਅ ਲੈ ਲਿਆ ਅਤੇ ਉਸਦੇ ਨਾਲ ਸੰਬਧ ਰਖਦੇ ਹੋਏ ੂਰੂ ਕਰ ਸਕਦੇ ਹੋ ਤੁਸੀਂ ਹੁਣ ਆਤਮਿਕ ਸਚਿਆਈ ਅਤੇ ਇੱਕ ਬਿਲਕੁਲ ਨਵੇਂ ਜੀਵਨ ਦੇ ਖੇਤਰ ਲਈ ਜੀਉਂਦੇ ਹੋ।

ਇਹ ਨਵਾਂ ਅਣਡਿੱਠਾ ਰਾਜ ਆਤਮਕ ਅਤੇ ਸੁਵਰਗੀ ਹੈ, ਸੁਭਾਵਿਕ ਅਤੇ ਜਮੀਨੀ ਨਹੀਂ ਅਤੇ ਸਿਰਫ ਪਵਿੱਤਰ ਆਤਮਾ ਦੇ ਰਾਹੀਂ ਉਨ੍ਹਾਂ ਤੇ ਪ੍ਰਗਟ ਹੁੰਦਾ ਹੈ ਜਿਹੜੇ ਪਰਮੇ ਵਰ ਦੀ ਆਤਮਾ ਤੋਂ ਜਨਮੇ ਹਨ।

ਇੱਕ ਮੌਕੇ ਤੇ ਜਦੋਂ ਯਿਸੂ ਇੱਕ ਬਹੁਤ ਹੀ ਧਾਰਮਿਕ ਵਿਅਕਤੀ ਨੂੰ ਕਹਿ ਰਹੇ ਸਨ, **ਉਨ੍ਹਾਂ ਨੇ ਕਿਹਾ, ਯਿਸੂ ਨੇ ਉਹ ਨੂੰ ਉਤਰ ਦਿੱਤਾ, ਮੈ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰੋਂ ਨਾ ਜੰਮੇ ਪਰਮੇ੍ਰ ਦੇ ਰਾਜ ਨੂੰ ਦੇਖ ਨਹੀਂ ਸੱਕਦਾ ਨਿਕੁਦੇਮੁਸ ਨੇ ਉਸ ਆਖਿਆ, ਮਨੁੱਖ ਜਾਂ ਬੁੱਢਾ ਹੋ ਗਿਆ ਤਾਂ ਕਿੱਕਰ ਜੰਮ ਸਕਦਾ ਹੈ? ਕਿ ਇਹ ਹੋ ਸਕਦਾ ਹੈ ਜੋ ਉਹ ਆਪਣੀ ਮਾਂ ਦੀ ਕੁੱਖ ਵਿੱਚ ਦੂਈ ਵਾਰ ਜਾਵੇ ਅਤੇ ਜੰਮੇ? ਯਿਸੂ ਨੇ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇ੍ਰ ਦੇ ਰਾਜ ਵਿੱਚ ਵੜ ਨਹੀਂ ਸਕਦਾ ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋ ਜੰਮੀਆਂ ਉਹ ਆਤਮਾ ਹੈ ਅਚਰਜ ਨਾਂ ਮੰਨੀ ਜੋ ਮੈ ਤੈਨੂੰ ਆਖਿਆ ਭਈ ਤੁਹਾਨੂੰ ਨਵੇਂ ਸਿਰੇ ਜੰਮਣਾ ਜਰੂਰ ਹੈ। ਪੌਣ ਜਿੱਧਰ ਚਾਹੁੰਦੀ ਹੈ ਵੱਗਦੀ ਹੈ ਅਤੇ ਉਹ ਦੀ ਆਵਾਜ ਸੁਣਦਾ ਹੈ ਪਰ ਇਹ ਨਹੀਂ ਜਾਣਦਾ ਜੋ ਉਹ ਕਿਧਰੋਂ ਆਈ ਅਤੇ ਕਿੱਧਰ ਨੂੰ ਜਾਂਦੀ ਹੈ ਪਰ ਕੋਈ ਜੋ ਆਤਮਾ ਤੋਂ ਜੰਮਿਆ ਸੋ ਇਹੋ ਜਿਹਾ ਹੈ।**

ਅੱਜ ਵੀ, ਸੰਸਾਰ ਧਾਰਮਿਕ ਲੋਕਾਂ ਨਾਲ ਭਰਿਆ ਹੋਇਆ ਹੈ ਜਿਹੜੇ ਆਤਕਮਕ ਸਚਿਆਈ ਨੂੰ ਨਹੀਂ ਸਮਝਦੇ ਉਹ ਪਰਮੇ ਵਰ ਦੇ ਰਾਜ ਨੂੰ ਦੇਖ ਨਹੀਂ ਸਕਦੇ ਜਾਂ ਪ੍ਰਵੇ  ਨਹੀਂ ਕਰ ਸਕਦੇ। ਉਨ੍ਹਾਂ ਦੇ ਸਾਰੇ ਧਾਰਮਿਕ ਕੰਮ, ਰਿਵਾਜ, ਅਤੇ ਚੰਗੇ ਕੰਮ ਵਿਅਰਥ ਹਨ। ਉਨ੍ਹਾਂ ਨੂੰ ਪਰਮੇ ਵਰ ਦੇ ਆਤਮਾ ਤੋਂ ਜਨਮ ਲੈਣਾ ਜਰੂਰੀ ਹੈ ਯਿਸੂ ਮਸੀਹ ਨੂੰ ਆਪਣੇ ਵਿਅਕਤੀਗਤ ਮੁਕਤੀਦਾਤਾ ਦੇ ਪ੍ਰਭੂ ਕਰਕੇ ਕਬੂਲ ਕਰਨ ਨਾਲ।

ਹਮੇ ਾ ਯਾਦ ਰੱਖੋ ਜੋ ਯਿਸੂ ਨੇ ਆਪਣੇ ਬਾਰੇ ਕਿਹਾ :-

**ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ। ਪਰਮੇ ਵਰ ਕੋਲ ਜਾਉਣ ਦਾ ਇਕੋ ਰਾਹ ਯਿਸੂ ਮਸੀਹ ਹੈ।**

ਧਾਰਮਿਕ ਲੋਕਾਂ ਨੂੰ ਤੁਹਾਨੂੰ ਸਮਝਣ ਦੀ ਅਤੇ ਤੁਹਾਡੀ ਨਵੀਂ ਜਿੰਦਗੀ ਅਤੇ ਜੀਵਨ ਦੇ ਤਰੀਕੇ ਨੂੰ ਸਮਝਣ ਦੀ ਵੀ ਮੁ ਕਿਲ ਹੋਵੇਗੀ ਅਤੇ ਤੁਹਾਨੂੰ ਕੁਝ ਅਲਗ ਆਸ ਰੱਖਣੀ ਨਹੀਂ ਚਾਹੀਦੀ। ਬਾਈਬਲ ਦੱਸਦੀ ਹੈ -



**ਸਰੀਰ ਤਾਂ ਇਕੋ ਅੰਗ ਨਹੀਂ ਸਗੋਂ ਬਹੁਅੰਗ ਹੈ ਜੇ ਪੈਰ ਆਖੇ ਭਈ ਮੈਂ ਹੱਥ ਜੋ ਨਹੀਂ ਇਸ ਲਈ ਸਰੀਰ ਦਾ ਨਹੀਂ ਹਾਂ, ਤਾਂ ਭਲਾਂ, ਉਹ ਇਸ ਕਾਰਨ ਸਰੀਰ ਦਾ ਨਹੀਂ ਹੈ? ਅਤੇ ਜੇ ਕੰਨ ਆਖੇ ਭਈ ਮੈਂ ਅੱਖ ਜੋ ਨਹੀਂ ਇਸ ਲਈ ਸਰੀਰ ਦਾ ਨਹੀਂ ਹਾਂ, ਤਾਂ ਭਲਾ, ਉਹ ਇਸ ਕਾਰਨ ਸਰੀਰ ਦਾ ਨਹੀਂ ਹੈ?**

ਇਸ ਲਈ, ਕਿਸੇ ਤੋਂ ਇਹ ਉਮੀਦ ਨਾ ਰੱਖੋ, ਜਿਹੜਾ ਪਰਮੇ ਵਰ ਦੀ ਆਤਮਾ ਤੋਂ ਪੈਦਾ ਨਹੀਂ ਹੋਇਆ ਯਿਸੂ ਮਸੀਹ ਨੂੰ ਆਪਣੇ ਜੀਵਨ ਵਿਚ ਆਪਣੇ ਵਿਅਕਤੀਗਤ ਮੁਕਤੀਦਾਤਾ ਦੇ ਰੂਪ ਵਿਚ ਕਬੂਲ ਕਰਕੇ, ਕਿ ਉਹ ਉਸੇ ਤਰ੍ਹਾਂ ਸੋਚੇ ਜਿਵੇਂ ਤੁਸੀਂ ਕਰਦੇ ਹੋ ਜਾਂ ਉਸ ਦੀਆਂ ਉਹੋ ਹੀ ਪ੍ਰਾਥਮਿਕਤਾਵਾਂ ਹੋਣ, ਜਾਂ ਉਸੇ ਤਰੀਕੇ ਨਾਲ ਕੰਮ ਕਰੇ। ਤੁਹਾਡੇ ਜੀਵਨ ਦਾ ਪੂਰਾ ਤੌਰ-ਤਰੀਕਾ ਅਤੇ ਸੋਚ ਹੋ ਸਕਦਾ ਹੈ ਉਨ੍ਹਾਂ ਨੂੰ ਮੂਰਖਤਾ ਦਿਖਾਈ ਦੇਵੇਗੀ।

ਆਪਣੇ ਆਪ ਨੂੰ ਉਨ੍ਹਾਂ ਦੇ ਸੋਚਣ ਦੇ ਤਰੀਕੇ ਦੇ ਆਧੀਨ ਵੀ ਨਾ ਕਰੋ, ਨਾ ਹੀ ਉਨ੍ਹਾਂ ਦੀ ਚੀਜਾਂ ਨੂੰ ਪਰਖ ਕਰਨ ਦੀ ਯੋਗਤਾ ਦੇ ਅਧੀਨ ਕਰੋ।

ਹੁਣ ਤੁਹਾਡੇ ਕੋਲ ਮਸੀਹ ਦਾ ਮਨ ਹੈ ਅਤੇ ਪਵਿੱਤਰ ਆਤਮਾ ਤੁਹਾਡੀ ਮਦਦ ਕਰੇਗਾ ਅਤੇ ਹਰ ਗੱਲ ਸਿਖਾਏਗਾ ਤੁਹਾਨੂੰ ਲੋੜ ਹੈ। ਜੋ ਪਰਮੇ ਵਰ ਦੇ ਰਾਜ ਦੇ ਨਿਰਦੇ ਾਂ ਅਨੁਸਾਰ ਜੀਵਨ ਗੁਜਾਰਨ ਲਈ ਤੁਹਾਨੂੰ ਜਾਣਨ ਦੀ ਲੋੜ ਹੈ।

ਉਸੇ ਤਰਾਂ ਜਿਵੇਂ ਯਿਸੂ ਨੇ ਕਿਹਾ, **ਮਨੁੱਖ ਦੇ ਆਤਮਾ ਤੋਂ ਬਿਨਾਂ ਜੋ ਉਹ ਦੇ ਅਦੰਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ ? ਇਸੇ ਪ੍ਰਕਾਰ ਪਰਮੇ੍ਰ ਦੇ ਆਤਮਾ ਤੋਂ ਬਿਨਾਂ ਪਰਮੇ੍ਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪਰਮੇ੍ਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇ੍ਰ ਨੇ ਸਾਨੂੰ ਬਖ ੇ ਹਨ।**

ਵਿ ਵਾਸੀਆਂ ਨੂੰ ਪਰਮੇ ਵਰ ਦੇ ਬਚਨ ਵਿਚ ਹਿਦਾਇਤ ਦਿੱਤੀ ਗਈ ਹੈ ਕਿ ਪਵਿੱਤਰ ਆਤਮਾ ਤੇ ਨਿਰਭਰ ਰਹਿਣ ਕਿ ਉਨ੍ਹਾਂ ਨੂੰ ਸੱਚ ਸਿਖਾਵੇ, ਨਾ ਕਿ ਲੋਕਾਂ ਤੇ , **ਮੈ ਤੁਹਾਨੂੰ ਇਹ ਗੱਲਾਂ ਉਹਨਾਂ ਦੇ ਵਿਖੇ ਲਿਖੀਆਂ ਹਨ ਜਿਹੜੇ ਤੁਹਾਨੂੰ ਭਰਮਾਇਆ ਚਾਹੁੰਦੇ ਹਨ ਉਹ ਮਸਹ ਜੋ ਤੁਸਾਂ ਉਹ ਦੀ ਵਲੋਂ ਪਾਇਆ ਸੋ ਤੁਹਾਡੇ ਵਿੱਚ ਕਾਇਮ ਰਹਿੰਦਾ ਹੈ ਅਤੇ ਤੁਹਾਨੂੰ ਕੁਝ ਲੋੜ ਨਹੀ ਭਈ ਕੋਈ ਤੁਹਾਨੂੰ ਸਿਖਿਆ ਦੇਵੇ ਸਗੋਂ ਜਿਵੇਂ ਉਹ ਦਾ ਮਸਹ ਤੁਹਾਨੂੰ ਸਭਨਾਂ ਗੱਲਾਂ ਦੇ ਵਿਖੇ ਸਿੱਖਿਆ ਦਿੰਦਾ ਹੈ ਅਤੇ ਸਤ ਹੈ, ਝੂਠ ਨਹੀਂ ਅਤੇ ਜਿਵੇਂ ਉਹ ਨੇ ਤੁਹਾਨੂੰ ਸਿਖਿਆ ਦਿੱਤੀ ਤਿਵੇਂ ਤੁਸੀਂ ਉਹ ਦੇ ਵਿੱਚ ਕਾਇਮ ਰਹੋ।**

ਪਵਿੱਤਰ ਆਤਮਾ ਤੁਹਾਨੂੰ ਹਮੇ ਾ ਸੱਚ ਸਿਖਾਵੇਗਾ ਅਤੇ ਕਿਸ ਤਰਾਂ ਸੱਚ ਅਤੇ ਤੁਹਾਡੇ ਦੁ ਮਨ, ੈਤਾਨ ਦੇ ਝੂਠਾਂ ਨੂੰ ਪਛਾਣਨਾ ਹੈ। ਤੁਹਾਨੂੰ ਪਰਮੇ ਵਰ ਦੇ ਆਤਮਾ ਤੇ ਨਿਰਭਰ ਰਹਿਣਾ ਜਰੂਰੀ ਹੈ ਅਤੇ ਆਪਣੀ ਸਮਝ ਦੇ ਉਪਰ ਨਹੀਂ ਜਾਂ ਦੂਸਰਿਆਂ ਤੇ ਜਿਨ੍ਹਾਂ ਕੋਲ ਪਰਮੇ ਵਰ ਦਾ ਆਤਮਾ ਨਹੀਂ।

ਪਵਿੱਤਰ ਆਤਮਾ ਪਰਮੇ ਵਰ ਦੇ ਬਚਨ ਬਾਈਬਲ ਦੀ ਲਿੱਖਤ ਨੂੰ ਨਿਰਦੇ  ਦਿੰਦਾ ਹੈ, ਅਤੇ ਉਹ ਪਰਮੇ ਵਰ ਦੇ ਵਿਚਾਰਾਂ ਨੂੰ ਜਾਣਦਾ ਹੈ। ਉਹ ਹਮੇ ਾ ਸਾਡੇ ਮਨਾਂ ਨੂੰ ਸਚਿਆਈ ਵੱਲ ਨਿਰਦੇ  ਦਿੰਦਾ ਹੈ ਜਿਵੇਂ ਹੀ ਅਸੀਂ ਉਸਨੂੰ ਕਬੂਲ ਕਰਦੇ ਹਾਂ ਅਤੇ ਉਸ ਉੱਤੇ ਪੂਰਾ ਭਰੋਸਾ ਕਰਦੇ ਹਾਂ ਆਪਣੇ ਜੀਵਨ ਦੇ ਹਰੇਕ ਰੂਪ ਦੀ ਅਗਵਾਈ ਅਤੇ ਨਿਰਦੇ  ਦੇ ਨਾਲ, ਬਿਲਕੁਲ ਉਸੇ ਤਰਾਂ ਜਿਵੇਂ ਅਸੀਂ ਯਿਸੂ ਮਸੀਹ ਤੇ ਭਰੋਸਾ ਕਰਦੇ ਹਾਂ ਆਪਣੀ ਅਨੰਤ ਮੰਜਿਲ ਨਾਲ।

ਸਾਨੂੰ ਹਰ ਰੋਜ ਪਵਿੱਤਰ ਆਤਮਾ ਨਾਲ ਆਪਣੇ ਸੰਬੰਧ ਨੂੰ ਵਧਾਉਣ ਲਈ ਕੋਿ ਸ ਕਰਨਾ ਜਰੂਰੀ ਹੈ, ਇੱਕ ਦਿਮਾਗੀ, ਭਾਵਨਾਤਮਕ ਜਾਂ ਸਰੀਰਕ ਰੂਪ ਵਿਚ ਨਹੀਂ ਪਰ ਅਸਲ ਵਿਚ ਆਪਣੀ ਆਤਮਾ ਦੇ ਦਵਾਰਾ ਪਰਮੇ ਵਰ ਦੀ ਆਤਮਾ ਨਾਲ ਆਦਾਨ-ਪ੍ਰਦਾਨ ਕਰਦੇ ਹੋਏ ਜਦੋਂ ਅਸੀਂ ਪੜਦੇ ਹਾਂ, ਅਤੇ ਪਰਮੇ ਵਰ ਦੇ ਬਚਨ, ਬਾਈਬਲ ਨੂੰ ਮਨਨ ਕਰਦੇ ਹਾਂ। ਉਸਦਾ ਬਚਨ ਸਾਡੇ ਪਵਿੱਤਰ ਆਤਮਾ ਨਾਲ ਸੰਬੰਧ ਦਾ ਇੱਕ ਅਖੰਡ ਅਤੇ ਬਹੁਤ ਜਰੂਰੀ ਹਿੱਸਾ ਹੋਣਾ ਜਰੂਰੀ ਹੈ।

ਯਾਦ ਰੱਖੋ ਕਿ ਤੁਹਾਡਾ ਦੁ ਮਨ  ਤਾਨ ਧੋਖੇਬਾਜ ਹੈ, ਅਤੇ ਉਹ ਬਹੁਤ ਬਾਰ ਇੱਕ ਨਕਲ ਦੀ ਤਰਾਂ ਕੰਮ ਕਰਦਾ ਹੈ। ਉਹ ਆਪਣੇ ਝੂਠਾਂ ਨੂੰ ਸਚਿਆਈ ਦੀ ਤਰਾਂ ਬਣਾਉਂਦਾ ਹੈ ਅਤੇ ਝੂਠਾਂ ਨੂੰ ਪਹਿਚਾਨਣ ਦਾ ਇਕੋ ਤਰੀਕਾ ਹੈ ਕਿ ਸਚਿਆਈ ਨੂੰ ਜਾਣੀਏ। ਜਦੋਂ ਅਸੀਂ ਪਰਮੇ ਵਰ ਦੇ ਬਚਨ ਨੂੰ ਜਾਣ ਲੈਂਦੇ ਹਾਂ, ਸਚਿਆਈ ਜੋ ਪਵਿੱਤਰ ਆਤਮਾ ਪ੍ਰੇਰਿਤ ਕਰਦਾ ਹੈ, ਫੇਰ ਅਸੀਂ  ਤਾਨ ਦੇ ਝੂਠਾਂ ਨੂੰ ਪਛਾਣ ਲੈਂਦੇ ਹਾਂ ਜਦੋਂ ਅਸੀਂ ਉਨ੍ਹਾਂ ਦੀ ਸਚਿਆਈ ਨਾਲ ਤੁਲਨਾ ਕਰਦੇ ਹਾਂ।

ਇਸ ਲਈ ਪਰਮੇ ਵਰ ਦਾ ਬਚਨ ਜਾਨਣ ਵਿਚ ਮਹੱਤਵਪੂਰਨ ਜਦੋਂ ਪਰਮੇ ਵਰ ਆਪਣੀ ਆਤਮਾ ਦੇ ਦਵਾਰਾ ਗੱਲਾਂ ਕਰਦਾ ਹੈ। ਪਵਿੱਤਰ ਆਤਮਾ ਉਸ ਵਿੱਚੋਂ ਲੈਂਦਾ ਹੈ ਜੋ ਮਸੀਹ ਦਾ ਹੈ ਅਤੇ ਉਸਨੂੰ ਸਾਡੇ ਜਾਨਣ ਲਈ ਬਣਾਉਂਦਾ ਹੈ ਅਤੇ ਉਹ ਸਾਰਾ ਜੋ ਪਿਤਾ ਦਾ ਹੈ ਮਸੀਹ ਨਾਲ ਸੰਬੰਧ ਰੱਖਦਾ ਹੈ। ਇਸ ਲਈ ਜਦ ਪਵਿੱਤਰ ਆਤਮਾ ਸਾਡੀਆ ਆਤਮਾਵਾਂ ਨਾਲ ਆਦਾਨ ਪ੍ਰਦਾਨ ਕਰਦਾ ਹੈ, ਉਹ ਪਰਮੇ ਵਰ  ਦੇ ਮਨ ਨੂੰ ਬੋਲ ਰਿਹਾ ਹੋਵੇਗਾ ਜੋ ਕਿ ਪੁਰੀ ਤਰਾਂ ਬਾਈਬਲ ਪਰਮੇ ਵਰ ਦੇ ਬਚਨ ਨਾਲ ਮਿਲਦਾ ਹੈ। ਉਸਦਾ ਲਿਖਿਆ ਬਚਨ ਅਤੇ ਉਸਦਾ ਬੋਲਿਆ ਹੋਇਆ ਬਚਨ ਇੱਕੋ ਹੀ ਹਨ।



ਜੇ ਅਸੀਂ ਸੋਚੀਏ ਕਿ ਪਵਿੱਤਰ ਆਤਮਾ ਸਾਨੂੰ ਕਿਸੇ ਗੱਲ ਵਿਚ ਅਗਵਾਈ ਕਰ ਰਿਹਾ ਹੈ ਜੋ ਕਿ ਕਿਸੇ ਵੀ ਤਰੀਕੇ ਨਾਲ ਲਿਖੇ ਹੋਏ ਬਚਨ ਤੋਂ ਉਲਟ ਹੈ ਤਾਂ ਅਸੀਂ ਜਾਣਦੇ ਹਾਂ ਕਿ ਇਹ ਪਰਮੇ ਵਰ ਨਹੀਂ  ਹੈ। ਇਹ  ਤਾਨ ਹੋ ਸਕਦਾ ਹੈ ਜੋ ਸਾਨੂੰ ਕੁਰਾਹੇ ਪਾਉਣ ਦੀ ਕੋਿ  ਕਰ ਰਿਹਾ ਹੈ ਜਾਂ ਸਾਡਾ ਸੁਭਾਵਿਕ ਦਿਮਾਗ, ਸਾਡੀਆਂ ਭਾਵਨਾਵਾਂ ਜਾਂ ਸਿਰਫ ਸਾਡੀਆਂ ਸੁਭਾਵਿਕ ਇਛਾਵਾਂ ਆਪਣਾ ਰਸਤਾ ਚਾਹੁੰਦੀਆਂ ਹਨ।

ਇਹ ਲਿਖਿਆ ਹੈ, **ਪਰਮੇ ਵਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ-ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।**

ਪਰਮੇ ਵਰ ਦਾ ਬਚਨ ਹਰ ਇੱਕ ਹਾਲਾਤ ਵਿਚ ਸਾਡਾ ਰੱਖਿਆ ਦਾ ਸਾਧਨ ਹੈ।" **ਇਹ ਸਾਡੇ ਪੈਰਾਂ ਲਈ ਦੀਪਕ ਅਤੇ ਸਾਡੇ ਰਾਹ ਦਾ ਚਾਨਣ ਹੈ।"**

ਪਰਮੇ ਵਰ ਦਾ ਬਚਨ ਹਮੇ ਾ ਉਸਦੇ ਮਨ ਨੂੰ ਸਾਡੇ ਉੱਤੇ ਪ੍ਰਗਟ ਅਤੇ ਪੱਕਾ ਕਰੇਗਾ, ਅਤੇ ਉਸਦੀ ਚੰਗੀ, ਭਾਉਂਦੀ ਅਤੇ ਸਿੱਧ ਇੱਛਾ ਨੂੰ ਸਾਡੇ ਜੀਵਨਾਂ ਲਈ ਪ੍ਰਗਟ ਕਰੇਗਾ। ਉਸਦਾ ਬਚਨ ਸਾਡੇ ਹਿਰਦਿਆਂ, ਮਨਾਂ, ਭਾਵਨਾਵਾ ਅਤੇ ਇਛਾਵਾਂ ਵਿਚੋਂ ਆਤਮਕ ਨੂੰ ਸੁਭਾਵਿਕ ਤੋਂ ਅਲਗ ਕਰ ਸਕਦਾ ਹੈ।

ਕਿਸੇ ਤਰ੍ਹਾਂ, ਆਪਣੀ ਜਿੰਦਗੀ ਵਿਚ ਹਰ ਰੋਜ ਪਰਮੇ ਵਰ ਦਾ ਨਿਰਦੇ  ਅਤੇ ਪਵਿੱਤਰ ਆਤਮਾ ਦੀ ਅਗਵਾਈ ਲੈਣ ਲਈ ਸਾਨੂੰ ਆਪਣੀ ਇੱਛਾ ਨੂੰ ਉਸਦੀ ਇੱਛਾ ਲਈ ਪੂਰੀ ਤਰ੍ਹਾਂ ਸਮਰਪਣ ਕਰਨਾ ਹੈ। ਸਾਨੂੰ ਉਹ ਚਾਹੁਣਾ ਜਰੂਰ ਹੈ ਜੋ ਪਰਮੇ ਵਰ ਸਾਡੀਆਂ ਜਿੰਦਗੀਆਂ ਲਈ ਚਾਹੁੰਦਾ ਹੈ।

ਸਾਨੂੰ ਆਪਣੇ ਲਈ ਉਹ ਇੱਛਾ ਰੱਖਣੀ ਜਰੂਰੀ ਹੈ ਜੋ ਪਰਮੇ ਵਰ ਸਾਡੇ ਲਈ ਇੱਛਾ ਰੱਖਦਾ ਹੈ, ਅਤੇ ਸਾਨੂੰ ਇਸਦੀ ਇੱਛਾ ਉਸੇ ਕਾਰਣ ਲਈ ਕਰਨੀ ਜਰੂਰੀ ਹੈ ਜਿਸ ਦੀ ਪਰਮੇ ਵਰ ਸਾਡੇ ਲਈ ਇਸਦੀ ਇੱਛਾ ਰੱਖਦਾ ਹੈ। ਪਵਿੱਤਰ ਆਤਮਾ ਫੇਰ ਸਾਡੇ ਨਾਲ ਆਦਾਨ-ਪ੍ਰਦਾਨ ਕਰਨ ਦੇ ਯੋਗ ਹੋਵੇਗਾ ਅਤੇ ਸਾਡੇ ਅੰਦਰ ਪਰਮੇ ਵਰ ਦੀ ਚੰਗੀ, ਸਿੱਧ ਅਤੇ ਭਾਉਂਦੀ ਹੋਈ ਇੱਛਾ ਨੂੰ ਸਾਡੇ ਲਈ ਪੂਰਾ ਕਰੇ ਗਾ।

ਇਸ ਤੋਂ ਜਿਆਦਾ ਉਤੇਜਿਤ ਕਰਨ ਵਾਲਾ ਅਤੇ ਭਰਪੂਰ ਕੁਝ ਨਹੀਂ ਉਸ ਜਿੰਦਗੀ ਨੂੰ ਜੀਉਣਾ ਜੋ ਪਰਮੇ ਵਰ ਨੇ ਸਾਡੇ ਲਈ ਤਿਆਰ ਕੀਤੀ ਹੈ। ਆਪਣੇ ਕਰਤਾ ਅਤੇ ਛੁਡਾਉਣ ਵਾਲੇ ਦੇ ਨਾਲ ਸਿੱਧ ਇੱਕਰੂਪਤਾ ਨਾਲ ਜੀਉਣਾ ਸਭ ਤੋਂ

ਜਿਆਦਾ ਆਨੰਦ ਦਾਇਕ ਅਤੇ ਾਂਤੀ ਪੂਰਵਕ ਅਨੁਭਵ ਹੈ ਜੋ ਤੁਸੀਂ ਕਰ ਸਕਦੇ ਹੋ ਅਤੇ ਇਹ ਤੁਹਾਡੇ ਲਈ ਪਰਮੇ ਰ ਦੀ ਇੱਛਾ ਹੈ। ਜਿਵੇਂ ਹੀ ਤੁਸੀਂ ਪਵਿੱਤਰ ਆਤਮਾ ਦੀ ਅਗਵਾਹੀ ਪਿੱਛੇ ਚਲਦੇ ਹੋ ਹਰ ਪਲ ਤੁਸੀਂ ਪਰਮੇ ਵਰ ਦੀ ਮੌਜੂਦਗੀ ਅਤੇ ਆਪਣੀ ਜਿੰਦਗੀ ਵਿਚ ਾਂਤੀ ਨੂੰ ਮਹਿਸੂਸ ਕਰੋਗੇ, ਉਸਦੇ ਪਿਤਾ ਹੋਣ ਦੇ ਨਾਲ-ਨਾਲ।

ਇਹ ਲਿਖਿਆ ਹੈ, **ਜਿਹੜੇ ਸਰੀਰਕ ਹਨ ਓਹ ਸਰੀਰ ਦੀਆਂ ਵਸਤਾਂ ਉੱਤੇ ਪਰ ਜਿਹੜੇ ਆਤਮਕ ਹਨ ਉਹ ਆਤਮਾ ਦੀਆਂ ਵਸਤਾਂ ਉੱਤੇ ਪਰ ਜਿਹੜੇ ਆਤਮਕ ਹਨ ਉਹ ਆਤਮਾ ਦੀਆ ਵਸਤਾਂ ਉੱਤੇ ਮਨ ਲਾਉਂਦੇ ਹਨ। ਕਿਉਂ ਜੋ ਸਰੀਰਕ ਮਨਸਾ ਮੌਤ ਹੈ ਪਰ ਆਤਮਕ ਮਨਸਾ ਜੀਵਨ ਅਤੇ ਾਂਤੀ ਹੈ। ਅਤੇ ਜਿੰਨੇ ਪਰਮੇ ਵਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਉਹੀ ਪਰਮੇ ਵਰ ਦੇ ਪੁੱਤ੍ਰ ਹਨ।**

ਸਾਨੂੰ ਆਪਣੇ ਮਨਾਂ ਨੂੰ ਜੋ ਆਤਮਾ ਚਾਹੁੰਦਾ ਹੈ ਉਸ ਉੱਤੇ ਲਗਾਉਣਾ ਚਾਹੀਦਾ ਹੈ ਅਤੇ ਪਵਿੱਤਰ ਆਤਮਾ ਨੂੰ ਅਨੁਮਤੀ ਦੇਣੀ ਹੈ ਕਿ ਸਾਡੇ ਮਨਾਂ ਤੇ ਕਬਜਾ ਅਤੇ ਰਾਜ ਕਰੇ। ਫੇਰ ਅਸੀਂ ਇਸ ਦੇ ਯੋਗ ਹੋਵਾਂਗੇ ਕਿ ਪਵਿੱਤਰ ਆਤਮਾ ਹਰ ਗੱਲ ਵਿਚ ਸਾਡੀ ਅਗਵਾਈ ਕਰੇ। ਪਰਮੇ ਵਰ ਦੀ ਸਾਡੇ ਜੀਵਨ ਲਈ ਕੀ ਇੱਛਾ ਹੋਣੀ ਚਾਹੀਦੀ ਹੈ ਉਸ ਲਈ ਅਸੀਂ ਪਰਮੇ ਵਰ ਤੇ ਹਕੂਮਤ ਨਹੀਂ ਕਰ ਸਕਦੇ। ਸਾਨੂੰ ਆਪਣੇ ਪਹਿਲ੍ਹਾਂ ਤੋਂ ਬਣਾਏ ਹੋਏ ਵਿਚਾਰਾਂ ਅਤੇ ਯੋਜਨਾਵਾਂ ਤੋਂ ਛੁਟਕਾਰਾ ਪਾਉਣਾ ਅਤੇ ਆਪਣੀ ਇੱਛਾ ਨੂੰ ਉਸਦੇ ਅਧੀਨ ਕਰਨਾ ਜਰੂਰੀ ਹੈ।

ਇਸ ਤੋਂ ਬਾਅਦ, ਸਾਨੂੰ ਆਗਿਆ ਮੰਨਣ ਲਈ ਤਿਆਰ ਰਹਿਣਾ ਜਰੂਰੀ ਹੈ। ਪਰਮੇ ਵਰ ਸਾਨੂੰ ਨਿਰਦੇ ਅਤੇ ਚਾਨਣ ਨਹੀਂ ਦੇਵੇਗਾ ਜੇ ਅਸੀਂ ਉਸਨੂੰ ਮੰਨਣ ਲਈ ਸਚਮੁਚ ਤਿਆਰ ਨਹੀਂ। ਇਸ ਤਰ੍ਹਾਂ ਕਰਨਾ ਸਿਰਫ ਪਰਮੇ ਵਰ ਦੇ ਪ੍ਰਤਿ ਸਾਡੀ ਅਣਆਗਿਆਕਾਰਿਤਾ ਵਧਾਵੇਗੀ। ਸਾਨੂੰ ਪਰਮੇ ਵਰ ਦੀ ਇੱਛਾ ਨੂੰ ਆਗਿਆ ਮੰਨਣ ਦੇ ਉਦੇ ਨਾਲ ਸੱਚਾਈ ਨਾਲ ਇੱਛਾ ਰੱਖਣੀ ਚਾਹੀਦੀ ਹੈ ਚਾਹੇ ਉਸ ਦੀ ਇੱਛਾ ਕੁਝ ਵੀ ਕਿਉਂ ਨਾ ਹੋਵੇ।

ਜੇ ਅਸੀਂ ਪਰਮੇ ਵਰ ਦੀ ਪ੍ਰਗਟ ਕੀਤੀ ਇੱਛਾ ਦੇ ਪ੍ਰਤਿ ਆਪਣੀ ਆਗਿਆਕਾਰਿਤਾ ਵਿਚ ਚੋਣ ਕਰਨ ਵਾਲੇ ਬਣ ਜਾਈਏ, ਤਾਂ ਅਸੀਂ ਉਸਦੀ ਅਵਾ ਨੂੰ ਆਤਮਾ ਦੀ ਅਗਵਾਈ ਨੂੰ ਮਹਿਸੂਸ ਕਰਨ ਨੂੰ ਰੋਕ ਦੇਵਾਂਗੇ ਜਾਂ ਗੁਆ ਬੈਠਾਂਗੇ। ਆਪਣੇ ਭਲੇ ਲਈ ਅਤੇ ਪਰਮੇ ਵਰ ਦੀ ਮਹਿਮਾ ਲਈ ਸਾਨੂੰ ਕਿਸੇ ਵੀ ਅਤੇ ਹਰੇਕ ਹਾਲਾਤ ਵਿਚ ਪਵਿੱਤਰ ਆਤਮਾ ਦੀ ਅਗਵਾਈ ਅਤੇ ਨਿਰਦੇ ਨੂੰ ਮੰਨਣ ਲਈ ਤਿਆਰ ਹੋਣਾ



ਚਾਹੀਦਾ ਹੈ। ਇਸ ਤਰਾਂ ਕਰਨ ਨਾਲ ਅਸੀਂ ਆਪਣੇ ਕੰਮਾਂ ਦੇ ਦਵਾਰਾ ਕਹਿੰਦੇ ਹਾਂ ਕਿ ਅਸੀਂ ਆਪਣੇ ਸੁਵਰਗੀ ਪਿਤਾ ਤੇ ਪੂਰੀ ਤਰਾਂ ਬਿਨਾਂ ਸਵਾਲ ਭਰੋਸਾ ਕਰਦੇ ਹਾਂ।

ਇਸ ਦੇ ਨਾਲ, ਸਾਨੂੰ ਪਵਿੱਤਰ ਆਤਮਾ ਦੀ ਅਗਵਾਈ ਤੇ ਭਰੋਸਾ ਕਰਨਾ ਚਾਹੀਦਾ ਹੈ। ਸਾਨੂੰ ਵਿ ਵਾਸ ਕਰਨਾ ਜਰੂਰੀ ਹੈ ਕਿ ਉਹ ਸਾਡੇ ਨਾਲ ਹੈ ਅਤੇ ਸਾਨੂੰ ਨਿਰਦੇ ਦੇ ਰਿਹਾ ਹੈ। ਸਾਨੂੰ ਉਸਤੇ ਨਿਰਭਰ ਰਹਿਣਾ ਚਾਹੀਦਾ ਹੈ ਆਪਣੇ ਪੂਰੇ ਹਿਰਦੇ ਅਤੇ ਨਿ ਚਿਤ ਰੂਪ ਨਾਲ ਉਸਦੇ ਚੇਹਰੇ ਵੱਲ ਦੇਖਣਾ ਚਾਹੀਦਾ ਹੈ ਅਤੇ ਉਸਤੋਂ ਆਸ ਰੱਖਣੀ ਚਾਹੀਦੀ ਹੈ ਕਿ ਉਹ ਸਾਡੇ ਨਾਲ ਸੱਚਾ ਹੈ।

ਬਾਈਬਲ ਇਸ ਤਰਾਂ ਕਹਿੰਦੀ ਹੈ, ਆਪਣੇ ਪੂਰੇ ਦਿਲ ਨਾਲ ਯਹੋਵਾਹ ਉਤੇ ਭਰੋਸਾ ਰੱਖ ਅਤੇ ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ। ਆਪਣੇ ਸਾਰਿਆਂ ਰਾਹਾਂ ਵਿਚ ਉਹ ਨੂੰ ਪਛਾਣ ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ।

ਇਹ ਵੀ ਲਿਖਿਆ ਹੈ, **ਮੁਬਾਰਕ ਹੈ ਉਹ ਮਰਦ ਜਿਹਦਾ ਭਰੋਸਾ ਯਹੋਵਾਹ ਉੱਤੇ ਹੈ, ਜਿਹਦਾ ਭਰੋਸਾ ਯਹੋਵਾਹ ਹੈ। ਉਹ ਵਿਰਛ ਵਾਂਗੂ ਹੈ ਜਿਹੜਾ ਪਾਣੀ ਉੱਤੇ ਲੱਗਿਆ ਹੋਇਆ ਹੈ ਜਿਹੜਾ ਨਦੀ ਵੱਲ ਆਪਣੀਆਂ ਜੜ੍ਹਾਂ ਫੈਲਾਉਂਦਾ ਹੈ। ਜਦ ਗਰਮੀ ਆਵੇ ਤਾਂ ਉਹ ਨੂੰ ਡਰ ਨਹੀਂ ਸਗੋਂ ਉਹ ਦੇ ਪੱਤੇ ਹਰੇ ਰਹਿੰਦੇ ਹਨ, ਔੜ ਦੇ ਵਰ੍ਹੇ ਉਹ ਨੂੰ ਚਿੰਤਾ ਨਾ ਹੋਵੇਗੀ, ਨਾ ਉਹ ਫਲ ਲਿਆਉਣ ਤੋਂ ਰੁਕੇਗਾ।**

ਸਾਨੂੰ ਕਦੇ ਵੀ ਇਸ ਬਾਰੇ ਫਿਕਰਮੰਦ ਹੋਣ ਦੀ ਲੋੜ ਨਹੀਂ ਕਿ ਪਵਿੱਤਰਆਤਮਾ ਸਾਨੂੰ ਉਸ ਦਿ ਾ ਵੱਲ ਅਗਵਾਈ ਕਰੇਗਾ ਜੋ ਸਾਡੇ ਲਈ ਚੰਗੀ ਨਹੀਂ । ਉਸਦੇ ਸਨ ਵਿਚ ਸਿਰਫ ਸਾਡੇ ਚੰਗੇ ਲਾਭ ਹੀ ਹਨ। ਉਹ ਪਰਮੇ ਵਰ ਦੇ ਮਨ ਨੂੰ ਜਾਣਦਾ ਹੈ ਅਤੇ _ਰੂ ਤੋਂ ਹੀ ਅੰਤ ਨੂੰ ਜਾਣਦਾ ਹੈ, ਅਤੇ ਉਹ ਕਦੇ ਕੋਈ ਗਲਤੀ ਨਹੀਂ ਕਰਦਾ। ਉਸ ਉੱਤੇ ਪੂਰੀ ਤਰਾਂ ਭਰੋਸਾ ਕਰਨਾ ਸਿੱਖੋ। ਇਹ ਭਰੋਸਾ ਅਤੇ ਨਿਰਭਰਤਾ ਇੱਕ ਦਮ ਹੀ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ। ਅਸੀਂ ਕਰਕੇ ਸਿਖਦੇ ਹਾਂ, ਬਾਰ-ਬਾਰ ਕਰਨ ਦੇ ਨਾਲ। ਪਰਮੇ ਵਰ ਇਸ ਨੂੰ ਸਮਝਦਾ ਹੈ ਅਤੇ ਸਾਡੇ ਨਾਲ ਧੀਰਜਵਾਨ ਹੈ।

ਅਸੀਂ ਸਮੇਂ ਸਮੇਂ ਤੇ ਪ੍ਰਭੁ ਨਾਲ ਚੱਲਣ ਵਿਚ ਲੜਖੜਾ ਸਕਦੇ ਹਾਂ ਪਰ ਉਹ ਸਾਨੂੰ ਡਿਗਣ ਨਹੀਂ ਦਿੰਦਾ, ਖਾਸ ਕਰ ਜਦੋਂ ਉਹ ਜਾਣਦਾ ਹੈ ਕਿ ਅਸੀਂ ਉਸਦੀ ਇੱਛਿਆ ਅਤੇ ਉਸਦੇ ਰਾਹਾਂ ਨੂੰ ਜਾਨਣਾ ਚਾਹੁੰਦੇ ਹਾਂ ਅਤੇ ਇਹ ਕਿ ਅਸੀਂ ਉਸਦੇ ਪਿੱਛੇ ਚਲਣਾ ਚਾਹੁੰਦੇ ਹਾਂ ਅਤੇ ਉਸਦੇ ਨਾਂ ਨੂੰ ਮਹਿਮਾ ਦੇਣਾ ਚਾਹੁੰਦੇ ਹਾਂ। ਪਰਮੇ ਵਰ ਸਾਡੀਆ ਗਲਤੀਆਂ ਤੋਂ ਸਾਨੂੰ ਸਿਖਾਉਣ ਦੀ ਸਹਾਇਤਾ

ਕਰੇਗਾ ਤਾਂਕਿ ਅਸੀਂ ਉਸਦੀ ਆਵਾਜ ਨੂੰ ਪਹਿਚਾਣ ਸਕੀਏ ਅਤੇ ਆਉਣ ਵਾਲੇ ਹਾਲਾਤਾਂ ਵਿਚ ਉਸਦੀ ਅਗਵਾਈ ਨੂੰ ਜਾਣ ਸਕਦੇ ਹਾਂ।

ਅਸੀਂ ਆਪਣੇ ਆਤਮਕ ਜੀਵਨ ਵਿਚ ਬਾਲਕਾਂ ਦੀ ਤਰਾਂ_ਰੂਆਤ ਕਰਦੇ ਹਾਂ, ਜਿਵੇਂ ਅਸੀਂ ਆਪਣੇ ਸਰੀਰਕ ਜੀਵਨ ਵਿਚ ਕਰਦੇ ਹਾਂ। ਰੁੜਣਾ ਸਿੱਖਣ ਵਿੱਚ ਕੁਝ ਸਮਾਂ ਲੱਗਦਾ ਹੈ, ਫੇਰ ਖੜੇ ਹੋਣਾ, ਅਤੇ ਫੇਰ ਚਲਨਾ। ਉਸੇ ਤਰੀਕੇ ਨਾਲ, ਆਤਮਾ ਵਿਚ ਚਲਨਾ ਸਿੱਖਣ ਵਿਚ ਸਮਾਂ ਲਗਦਾ ਹੈ ਅਤੇ ਰੋਜ ਦੇ ਆਧਾਰ ਤੇ ਕਰਨ ਵਿਚ।

ਆਤਮਾ ਵਿੱਚ ਚਲਨਾ ਇਹ ਹੈ ਕਿ ਕਿਵੇਂ ਅਸੀਂ ਪਰਮੇ ਵਰ ਨੂੰ ਭਾਉਂਦੀ ਹੋਈ ਜਿੰਦਗੀ ਗੁਜਾਰੀਏ। ਉਸਦੀ ਸੰਤਾਨ ਹੋਣ ਦੇ ਨਾਤੇ ਅਸੀਂ ਇਸ ਤਰੀਕੇ ਨਾਲ ਜੀਉਣਾ ਚਾਹੁੰਦੇ ਹਾਂ ਜੋ ਸਾਡੇ ਸਵਰਗੀ ਪਿਤਾ ਨੂੰ ਮਹਿਮਾ ਦੇਵੇ ਅਤੇ ਜਿਹੜੀ ਦੂਸਰਿਆਂ ਤੇ ਯਿਸੂ ਮਸੀਹ ਦੇ ਜੀਵਨ ਨੂੰ ਵੀ ਪ੍ਰਗਟ ਕਰੇ। ਇਹ ਹੌਲੀ-2 ਪ੍ਰਾਪਤ ਕੀਤਾ ਜਾਂਦਾ ਹੈ, ਆਤਮਾ ਵਿਚ ਚਲਣ ਦੇ ਦੁਆਰਾ।

ਬਾਈਬਲ ਕਹਿੰਦੀ ਹੈ, **ਆਤਮਾ ਦੁਆਰਾ ਚਲੋ ਤਾਂ ਸਰੀਰ ਦੇ ਵਿ ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ। ਜੋ ਤੁਸੀਂ ਪਿਆਰਿਆਂ ਪੁੱਤਰਾਂ ਵਾਗੂ ਪਰਮੇ ਵਰ ਦੀ ਰੀਸ ਕਰੋ ਅਤੇ ਪ੍ਰੇਮ ਨਾਲ ਚਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇ ਵਰ ਦੇ ਅੱਗੇ ਭੇਂਟ ਅਤੇ ਬਲੀਦਾਨ ਕਰਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ।**

ਅਸੀਂ ਹੁਣ ਉਸ ਤਰੀਕੇ ਨਾਲ ਨਹੀਂ ਜਿਉਂਦੇ ਜਿਸ ਤਰਾਂ ਅਸੀਂ ਪਹਿਲਾਂ ਕਰਦੇ ਸੀ ਜਦੋਂ ਅਸੀਂ ਪਾਪ ਅਤੇ ਤਾਨ ਦੇ ਬੰਧਨ ਵਿਚ ਸੀ। ਇਹ ਲਿਖਿਆ ਹੈ, **ਅ ਾਦੀ ਲਈ ਮਸੀਹ ਨੇ ਸਾਨੂੰ ਅ ਾਦ ਕੀਤਾ, ਇਸ ਲਈ ਦ੍ਰਿੜ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਤੋ।**

ਅਸੀਂ ਪਾਪ ਦੇ ਗੁਲਾਮ ਸੀ, ਪਰ ਹੁਣ ਅਸੀਂ ਅਜਾਦ ਹਾਂ ਉਸ ਤਰੀਕੇ ਨਾਲ ਜਿਉਣ ਲਈ ਜਿਸ ਲਈ ਹਮੇ ਾ ਤੋਂ ਪਰਮੇ ਵਰ ਨੇ ਸਾਨੂੰ ਜੀਉਣ ਲਈ ਪਹਿਲਾਂ ਤੋਂ ਰੱਖਿਆ ਹੈ। ਅਸੀਂ ਹੁਣ ਯਿਸੂ ਦੀ ਤਰਾਂ ਜੀ ਸਕਦੇ ਹਾਂ ਅਤੇ ਪਵਿੱਤਰ ਆਤਮਾ ਸਾਡੀ ਜਾਨਣ ਵਿਚ ਮਦਦ ਕਰੇਗਾ ਕਿ ਕਿਵੇਂ ਉਸ ਦੀ ਤਰਾਂ ਜਿੰਦਗੀ ਗੁਜਾਰੀਏ ਅਤੇ ਸਾਨੂੰ ਤਾਕਤ ਦੇਵੇਗਾ ਅਤੇ ਯਿਸੂ ਦੀ ਤਰਾਂ ਜਿੰਦਗੀ ਜੀਉਣ ਵਿਚ ਸਾਨੂੰ ਯੋਗ ਬਣਾਵੇਗਾ।

ਬਾਈਬਲ ਕਹਿੰਦੀ ਹੈ, **ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆ ਕਾਮਨਾ ਅਤੇ ਵਿ ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ। ਜੇ ਅਸੀਂ**



**ਆਤਮਾ ਦੁਆਰਾ ਜੀਉਂਦਾ ਹਾਂ ਤਾਂ ਆਤਮਾ ਦੁਆਰਾ ਚਲੀਏ ਵੀ।** ਅਸੀ ਆਪਣੇ ਪਾਪ ਨਾਲ ਭਰੇ ਸੁਭਾਅ ਦੀਆਂ ਕਾਮਨਾਵਾਂ ਦੇ ਅਨੁਸਾਰ ਹੁਣ ਕਦੇ ਜੀਵਨ ਨਹੀਂ ਗੁਜਾਰਦੇ। ਪਵਿੱਤਰ ਆਤਮਾ ਹਮੇ ਾ ਯਿਸੂ ਦੇ ਜੀਵਨ ਨੂੰ ਸਾਡੇ ਉਪਰ ਪ੍ਰਗਟ ਕਰੇਗਾ ਜਦੋਂ ਅਸੀਂ ਉਸਦੇ ਨਾਲ ਚਲਣਾ_ਰੂ ਕਰਦੇ ਹਾਂ।

ਆਤਮਾ ਵਿਚ ਚਲਨਾ ਅਤੇ ਆਤਮਾ ਦੇ ਨਾਲ ਕਦਮ ਚੁੱਕਣਾ ਇਹ ਦੋਵੇਂ ਪਲ-ਪਲ ਦੇ ਫੈਸਲੇ ਹੁੰਦੇ ਹਨ ਜਿਹੜੇ ਅਸੀਂ ਹਰ ਰੋਜ ਬਣਾਉਂਦੇ ਹਾਂ। ਪਵਿੱਤਰ ਆਤਮਾ ਹਮੇ ਾ ਯਿਸੂ ਦੇ ਜੀਵਨ ਨੂੰ ਸਾਡੇ ਦੁਆਰਾ ਜੀਉਣ ਦੀ ਕੋ ਿਸ ਕਰਦਾ ਹੈ। ਯਿਸੂ ਦਾ ਜੀਵਨ ਇੱਕ ਪਿਆਰ ਦਾ ਜੀਵਨ ਹੈ। ਪਰਮੇ ਵਰ ਪ੍ਰੇਮ ਹੈ, ਅਤੇ ਹੋਰ ਕੋਈ ਬਦ ਨਹੀਂ ਜਿਹੜਾ ਯਿਸੂ ਮਸੀਹ ਦੇ ਜੀਵਨ ਨੂੰ ਪ੍ਰੇਮ ਦੇ ਬਦ ਨਾਲੋਂ ਬੇਹਤਰ ਵਰਣਨ ਕਰ ਸਕੇ।

**ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ।"**

ਇਸੇ ਤਰੀਕੇ ਨਾਲ ਸਾਨੂੰ ਪਰਮੇ ਵਰ ਦੇ ਪਿਆਰ ਦੇ ਜੀਵਨ ਨੂੰ ਜੀਉਣਾ ਹੈ ਜਿਵੇਂ ਪਵਿੱਤਰ ਆਤਮਾ ਸਾਨੂੰ ਨਿਰਦੇ ਦਿੰਦਾ ਅਤੇ ਤਾਕਤ ਦਿੰਦਾ ਹੈ।

ਪਰਮੇ ਵਰ ਦੀ ਸੰਪੂਰਨ ਵਿਵਸਥਾ ਦਾ ਯਿਸੂ ਦੇ ਬਦਾਂ ਵਿਚ ਨਿਚੋੜ ਹੈ, **ਅਰ ਤੂੰ ਪ੍ਰਭੂ ਆਪਣੇ ਪਰਮੇ ਵਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁਧੀ ਨਾਲ ਅਤੇ ਆਪਣੀ ਸਾਰੀ ਕਤੀ ਨਾਲ ਪਿਆਰ ਕਰ। ਦੂਆ ਇਹ ਹੈ ਕਿ ਤੂੰ ਆਪਣੇ ਗੁਆਂਡੀ ਨੂੰ ਆਪਣੇ ਜਿਹਾ ਪਿਆਰ ਕਰ।**

**ਅਤੇ, ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਤਿਹੋ ਜਿਹਾ ਕਰੋ।**

**ਪਰ ਆਤਮਾ ਦਾ ਫਲ ਇਹ ਹੈ ਪ੍ਰੇਮ, ਅਨੰਦ, ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫਾਦਾਰੀ, ਨਰਮਾਈ, ਸੰਜਮ।**

ਪਵਿੱਤਰ ਆਤਮਾ ਪ੍ਰੇਮ ਦੇ ਫਲ ਨੂੰ ਤੁਹਾਡੇ ਜੀਵਨ ਵਿਚ ਪੈਦਾ ਕਰੇਗਾ ਜਿਵੇਂ ਹੀ ਤੁਸੀਂ ਉਸਦੀ ਆਗਿਆ ਮੰਨਦੇ ਹੋ ਅਤੇ ਸਮਰਪਣ ਕਰਦੇ ਹੋ।

**ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ-2 ਨਹੀਂ ਕਰਦਾ। ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ। ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ। ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। ਸਭ ਕੁਝ ਝੱਲ ਲੈਂਦਾ, ਸਭਨਾਂ**

**ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ ਸਭ ਕੁਝ ਸਹਿ ਲੈਂਦਾ। ਪ੍ਰੇਮ ਕਦੇ ਟਲਦਾ ਨਹੀਂ।**

ਪਰਮੇ ਵਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ, ਸਾਡਿਆਂ ਹਿਰਦਿਆਂ ਵਿਚ ਪਾਇਆ ਹੋਇਆ ਹੈ। ਅਤੇ ਇਸ ਲਈ ਹੁਣ ਅਸੀਂ ਪਰਮੇ ਵਰ ਨੂੰ ਸਭ ਤੋਂ ਜਿਆਦਾ ਪਿਆਰ ਕਰ ਸਕਦੇ ਹਾਂ ਅਤੇ ਲੋਕਾਂ ਨੂੰ ਜਿਵੇਂ ਅਸੀਂ ਆਪਣੇ ਆਪ ਨੂੰ ਪਿਆਰ ਕਰਦੇ ਹਾਂ, ਕਰ ਸਕਦੇ ਹਾਂ। ਦੂਜੇ ਬਦਾਂ ਵਿਚ ਅਸੀਂ ਹਰ ਗੱਲ ਵਿਚ ਪਵਿੱਤਰ ਆਤਮਾ ਦੀ ਆਗਿਆ ਮੰਨਦੇ ਹਾਂ, ਇਹ ਮੰਨਦੇ ਹੋਏ ਕਿ ਯਿਸੂ ਹਰ ਹਾਲਾਤ ਵਿਚ ਕੀ ਕਰਨਗੇ ਅਤੇ ਫੇਰ ਅਸੀਂ ਉਹ ਆਪਣੇ ਆਪ ਕਰਦੇ ਹਾਂ, ਕੋਈ ਗੱਲ ਨਹੀਂ ਸਾਡਾ ਸਰੀਰ ਜਾਂ ਭਾਵਨਾਵਾਂ ਕੀ ਚਾਹੁੰਦੇ ਹਨ।

ਦੂਜੇ ਲੋਕਾਂ ਦੇ ਮਾਮਲੇ ਵਿਚ ਜੋ ਤੁਸੀਂ ਚਾਹੁੰਦੇ ਹੋ ਕਿ ਕੋਈ ਤੁਹਾਡੇ ਲਈ ਕੁਝ ਕਰੇ ਇਕੋ ਜਿਹੇ ਹਾਲਾਤ ਵਿਚ ਉਹੋ ਹੈ ਜੋ ਤੁਹਾਨੂੰ ਉਨ੍ਹਾਂ ਲਈ ਕਰਨਾ ਚਾਹੀਦਾ ਹੈ। ਜਿਸ ਤਰੀਕੇ ਨਾਲ ਤੁਸੀਂ ਆਪਣੇ ਆਪ ਨਾਲ ਵਰਤਾਵ ਕਰਦੇ ਹੋ ਉਹੋ ਹੈ ਜਿਸ ਤਰਾਂ ਦੂਸਰਿਆਂ ਨਾਲ ਵਰਤਾਵ ਕਰਨਾ ਚਾਹੀਦਾ ਹੈ।

ਤੁਹਾਨੂੰ ਹੁਣ ਹਰ ਗੱਲ ਵਿਚ ਆਪਣੇ ਆਪ ਨੂੰ ਅੱਗੇ ਨਹੀਂ ਰੱਖਣਾ ਕਿਉਂਕਿ ਮਸੀਹ ਨੇ ਤੁਹਾਨੂੰ ਪੂਰਾ ਬਣਾਇਆ ਹੈ ਅਤੇ ਤੁਹਾਡੇ ਜੀਵਨ ਵਿਚ ਖਾਲੀਪਨ ਨੂੰ ਭਰਿਆ ਹੈ। ਤੁਸੀਂ ਹੁਣ ਪਰਮੇ ਵਰ ਨੂੰ ਹਰ ਗੱਲ ਵਿਚ ਪਹਿਲਾਂ ਰੱਖ ਸਕਦੇ ਹੋ ਅਤੇ ਦੂਸਰਿਆਂ ਨੂੰ ਆਪਣੇ ਆਪ ਤੋਂ ਅੱਗੇ। ਪੜੋ , ਇਸ ਤੇ ਮਨਨ ਕਰੋ ਅਤੇ ਹੇਠ ਲਿਖੇ ਪਰਮੇ ਵਰ ਦੇ ਬਚਨ ਦੇ ਹਿੱਸੇ ਦੀ ਆਗਿਆ ਮੰਨੋ :

**ਸੋ ਜੇ ਮਸੀਹ ਵਿਚ ਕੁਝ ਦਿਲਾਸਾ, ਜੇ ਪ੍ਰੇਮ ਦੀ ਕੁਝ ਤਸੱਲੀ ਜੇ ਆਤਮਾ ਦੀ ਕੁਝ ਸਾਂਝ, ਜੇ ਕੁਝ ਦਿਆਲਗੀ ਅਤੇ ਦਰਦਮੰਦੀ ਹੈ ਤਾਂ ਮੇਰੇ ਅਨੰਦ ਨੂੰ ਪੂਰਾ ਕਰੋ ਭਈ ਤੁਸੀਂ ਇਕ ਮਨ ਹੋਵੋ, ਇੱਕੋ ਜਿਹਾ ਪ੍ਰੇਮ ਰੱਖੋ ਇੱਕ ਚਿੱਤ, ਇੱਕ ਮੱਤ ਹੋਵੋ। ਧੜੇ ਬਾਜੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ। ਤੁਹਾਡੇ ਵਿਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ। ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਦਾ ਵੀ ਸੀ। ਕਿ ਉਸ ਨੇ ਪਰਮੇ ਵਰ ਦੇ ਸਰੂਪ ਵਿਚ ਹੋ ਕੇ ਪਰਮੇ ਵਰ ਤੇ ਤੁੱਲ ਹੋਣਾ ਕਬਜੇ ਰੱਖਣ ਦੀ ਚੀਜ ਨਾ ਜਾਣਿਆ ਸਗੋਂ ਉਸਨੇ ਆਪਣੇ ਆਪ ਨੂੰ ਸੱਖਣਾ ਕਰਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜਮਿਆ। ਅਤੇ ਮਨੁਖ ਦੀ ਕਲ ਵਿਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ**



**ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ। ਇਸ ਕਾਰਨ ਪਰਮੇ ਵਰ ਨੇ ਵੀ ਉਸ ਨੂੰ ਅੱਤ ਉੱਚਿਆ ਕੀਤਾ ਅਤੇ ਉਸਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ ਭਈ ਯਿਸੂ ਦਾ ਨਾਮ ਲੈ ਕੇ ਅਕਾ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਤੇ ਹੇਠਲਿਆਂ ਵਿਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜਬਾਨ ਪਰਮੇ ਵਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਕਿ ਯਿਸੂ ਮਸੀਹ ਪ੍ਰਭੂ ਹੈ ।** ਹੇਠ ਲਿਖੇ ਹੋਏ ਯਿਸੂ ਦੇ ਬਦਾਂ ਨੂੰ ਪੜੋ ਅਤੇ ਮੰਨੋ, ਅਤੇ ਤੁਸੀਂ ਬਰਕਤ ਪਾਉਗੇ।

**ਪਰ ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਭਈ ਆਪਣੇ ਦੁ ਮਣਾਂ ਨਾਲ ਪਿਆਰ ਕਰੋ। ਜੋ ਤੁਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ ਭਲਾ ਕਰੋ। ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ ਅਸੀਸ ਦਿਓ। ਜੋ ਤੁਹਾਡੀ ਪੱਤ ਲਾਹੁਣ ਉਹਨਾਂ ਦੇ ਲਈ ਪ੍ਰਾਰਥਨਾ ਕਰੋ। ਜੋ ਤੇਰੀ ਇੱਕ ਗਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੇ ਵੱਲ ਕਰ ਦੇਹ ਅਰ ਜੋ ਤੇਰੀ ਚਾਦਰ ਖੋਹ ਲਵੇ ਉਹ ਨੂੰ ਕੁੜਤਾ ਵੀ ਲੈਣੋਂ ਮਨਾ ਨਾ ਕਰ। ਜੋ ਕੋਈ ਤੈਥੋਂ ਮੰਗੇ ਉਹ ਨੂੰ ਦਿਹ ਅਰ ਜੋ ਤੇਰੀਆਂ ਵਸਤਾਂ ਖੋਹ ਲਵੇ ਉਸ ਤੋਂ ਮੁੜ ਨਾ ਮੰਗ। ਅਤੇ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਤਿਹੋ ਜਿਹਾ ਕਰੋ। ਜੇ ਤੁਸੀਂ ਉਨ੍ਹਾਂ ਨਾਲ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਕਰਦੇ ਹਨ ਤਾਂ ਤੁਹਾਡਾ ਕੀ ਹਸਾਨ ਹੈ ਕਿਉਂ ਜੋ ਪਾਪੀ ਲੋਕ ਵੀ ਆਪਣਿਆਂ ਪਿਆਰ ਕਰਨ ਵਾਲਿਆਂ ਨਾਲ ਪਿਆਰ ਕਰਦੇ ਹਨ। ਅਰ ਜੇ ਤੁਸੀ. ਉਨ੍ਹਾਂ ਹੀ ਦਾ ਭਲਾ ਕਰੋ ਜਿਹੜੇ ਤੁਹਾਡਾ ਭਲਾ ਕਰਦੇ ਹਨ ਤਾਂ ਤੁਹਾਡਾ ਕੀ ਹਸਾਨ ਹੈ? ਕਿਉਂ ਜੋ ਪਾਪੀ ਲੋਕ ਵੀ ਇਹੋ ਕਰਦੇ ਹਨ? ਜੇ ਤੁਸੀਂ ਉਨ੍ਹਾਂ ਹੀ ਨੂੰ ਉਧਾਰ ਦਿਓ ਜਿਨ੍ਹਾਂ ਕੋਲੋਂ ਲੈਣ ਦੀ ਆ ਾ ਹੋਵੇ ਤਾਂ ਤੁਹਾਡਾ ਕੀ ਹਸਾਨ ਹੈ? ਪਾਪੀ ਲੋਕ ਵੀ ਪਾਪੀਆਂ ਨੂੰ ਉਧਾਰ ਦਿੰਦੇ ਹਨ ਭਈ ਮੁੜ ਕੇ ਉਨਾਂ ਤੋਂ ਉਨਾਂ ਹੀ ਲੈ ਲੈਣ। ਪਰ ਤੁਸੀਂ ਆਪਣਿਆਂ ਵੈਰੀਆਂ ਨਾਲ ਪਿਆਰ ਕਰੋ ਅਤੇ ਉਨਾਂ ਦਾ ਭਲਾ ਕਰੋ। ਨਿਰਾਸ ਨਾ ਹੋ ਕੇ ਉਧਾਰ ਦਿਓ ਤਾਂ ਤੁਹਾਡਾ ਫਲ ਬਹੁਤ ਹੋਵੇਗਾ। ਅਤੇ ਤੁਸੀਂ ਅੱਤ ਮਹਾਨ ਤੇ ਪੁੱਤਰ ਹੋਵੋਗੇ ਕਿ ਉਹ ਨਾ_ਕਰਿਆਂ ਅਤੇ ਦੁ ਟਾਂ ਉੱਤੇ ਕਿਰਪਾਲੂ ਹੈ। ਦਿਆਲੂ ਹੋਵੋ ਜਿਵੇਂ ਤੁਹਾਡਾ ਪਿਤਾ ਦਿਆਲੂ ਹੈ। ਦੋ ਨਾ ਲਾਓ ਤਾਂ ਤੁਹਾਡੇ ਉੱਤੇ ਦੋ ਲਾਇਆ ਲਾ ਜਾਵੇਗਾ ਅਤੇ ਅਪਰਾਧੀ ਨਾ ਠਹਿਰਾਓ ਤਾਂ ਤੁਸੀਂ ਅਪਰਾਧੀ ਨਾ ਠਹਿਰਾਏ ਜਾਓਗੇ। ਛੱਡ ਦਿਓ ਤਾਂ ਤੁਸੀਂ ਛੱਡੇ ਜਾਉਗੇ।**

**ਦਿਓ ਤਾ ਤੁਹਾਨੂੰ ਦਿੱਤਾ ਜਾਵੇਗਾ, ਪੂਰਾ ਮੇਪ ਦੇਬ-2 ਕੇ ਹਿਲਾ-2 ਕੇ ਅਤੇ ਡੁਲ੍ਹਦਾ ਹੋਹਿਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੇਪ ਨਾਲ ਤੁਸੀਂ**

**ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।**

ਪਵਿੱਤਰ ਆਤਮਾ ਹਮੇ ਾ ਸਾਡੀ ਅਗਵਾਹੀ ਕਰੇਗਾ ਅਤੇ ਸਾਨੂੰ ਪ੍ਰੇਰਿਤ ਕਰੇਗਾ ਕਿ ਆਪਣੀਆ ਹਰ ਰੋਜ ਦੀਆਂ ਜਿੰਦਗੀਆਂ ਵਿਚ ਯਿਸੂ ਮਸੀਹ ਦਾ ਅਨੁਸਰਣ ਕਰੀਏ ਅਤੇ ਉਸ ਦੀਆ ਸਿੱਖਿਆਵਾਂ ਨੂੰ ਮੰਨੀਏ। ਪਵਿੱਤਰ ਆਤਮਾ ਦੀ ਆਗਿਆ ਮੰਨੋ ਅਤੇ ਤੁਸੀਂ ਉਸਦੀ ਮੋਜੁਦਗੀ ਅਤੇ ਆਪਣੇ ਜੀਵਨ ਵਿਚ ਉਸਦੇ ਨਿਰਦੇ ਣ ਨੂੰ ਜਿਆਦਾ ਅਤੇ ਹੋਰ ਜਿਆਦਾ ਮਹਿਸੂਸ ਕਰੋਗੇ ਜਦੋ. ਤਕ ਤੁਸੀ. ਆਪਣੇ ਸੁਵਰਗੀ ਪਿਤਾ ਯਿਸੂ ਅਤੇ ਪਵਿੱਤਰ ਆਤਮਾ ਨਾਲ ਸੱਚਾ ਨਜਦੀਕ ਦਾ ਸੰਬੰਧ ਸਥਾਪਿਤ ਕਰ ਲਵੋ।

ਯਾਦ ਰੱਖੋ ਕਿ ਪਵਿੱਤਰ ਆਤਮਾ ਇੱਕ ਅਲੌਕਿਕ ਵਿਅਕਤੀ ਹੈ, ਇੱਕ ਵਿਅਕਤੀ ਜਿਸਨੂੰ ਤੁਸੀਂ ਦੇਖ ਨਹੀਂ ਸਕਦੇ, ਪਰ ਉਹ ਉਸ ਨਾਲੋਂ ਵੀ ਵੱਧ ਵਾਸਤਵਿਕ ਹੈ ਜਿਸਨੂੰ ਤੁਸੀਂ ਦੇਖਦੇ ਅਤੇ ਸਫ਼ਰ ਸਕਦੇ ਹੋ। ਉਹ ਆਪਣੇ ਆਪ ਨੂੰ ਤੁਹਾਡੇ ਉਪਰ ਜਬਰਦਸਤੀ ਥੋਪੇਗਾ ਨਹੀਂ। ਤੁਹਾਨੂੰ ਆਪਣੀ ਜਿੰਦਗੀ ਵਿਚ ਉਸਦੀ ਮੌਜੂਦਗੀ ਲਈ ਸੰਵੇਦਨ ੀਲ ਹੋਣਾ ਹੈ ਅਤੇ ਉਸਨੂੰ ਮੌਕਾ ਦੇਣਾ ਹੈ ਕਿ ਤੁਸੀਂ ਯਿਸੂ ਨੂੰ ਜਾਣੋ।

ਤੁਸੀਂ ਪਰਮੇ ਵਰ ਦੀ ਸੰਤਾਨ ਹੋਣ ਦੇ ਨਾਤੇ ਕਿਸ ਤਰ੍ਹਾਂ ਜੀਉਂਦੇ ਹੋ ਇਹ ਬਹੁਤ ਮਹੱਤਵਪੂ ਰਨ ਹੈ ਹੇਠ ਲਿਖਿਆਂ ਪਰਮੇ ਵਰ ਦੇ ਬਚਨ ਦਾ ਹਿੰਸਾ ਤੁਹਾਡਾ ਕੁਝ ਮਾਰਗ ਦਰ ਨ ਕਰੇਗਾ ਅਤੇ ਤੁਹਾਡੀ ਸਹਾਹਿਤਾ ਕਰੇਗਾ ਕਿ ਪਵਿੱਤਰ ਆਤਮਾ ਨੂੰ ੋਕਿਤ ਨਾ ਕਰੋ। **ਅਤੇ ਪਰਮੇ ਵਰ ਦੇ ਪਵਿੱਤਰ ਆਤਮਾ ਨੂੰ ਜਿਹਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ। ਸਭ ਕੁੜੱਤਣ, ਕ੍ਰੋਧ, ਕੋਪ, ਰੌਲਾ ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ। ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਹੇ ਨੂੰ ਮਾਫ ਕਰੋ ਜਿਵੇ. ਪਰਮੇ ਵਰ ਨੇ ਵੀ ਮਸੀਹ ਵਿਚ ਤੁਹਾਨੂੰ ਮਾਫ ਕੀਤਾ।**

**ਸੋ ਤੁਸੀਂ ਪਿਆਰਿਆਂ ਪੁੱਤਰਾ ਵਾਂਗੂੰ ਪਰਮੇ ਵਰ ਦੀ ਰੀਸ ਕਰੋ। ਅਤੇ ਪ੍ਰੇਮ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇ ਵਰ ਦੇ ਅੱਗੇ ਭੇਂਟ ਅਤੇ ਬਲੀਦਾਨ ਕਰਕੇ ਦੀ ਸੁਗੰਧ ਲਈ ਦੇ ਦਿੱਤਾ ਪਰ ਹਰਾਮਕਾਰੀ ਅਤੇ ਹਰ ਭਾਤ ਦੇ ਗੰਦ-ਮੰਦ ਅਥਵਾ ਲੋਭ ਦਾ ਤੁਹਾਡੇ ਵਿਚ ਨਾਉਂ ਵੀ ਨਾ ਹੋਵੇ ਜਿਵੇਂ ਸੰਤਾਂ ਨੂੰ ਜੋਗ ਹੈ। ਅਤੇ ਨਾ ਬੇ ਰਮੀ, ਨਾ ਮੂੜ੍ਹ ਬਚਨ, ਅਥਵਾ ਠੱਠੇ ਬਾਜੀ ਜੋ ਅਜੋਗ ਹਨ ਪਰ ਧੰਨਵਾਦ ਹੋਇਆ ਕਰੇ। ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕਾ ਜਾਣਦੇ ਹੋ ਭਈ ਕਿਸੇ ਹਰਾਮਕਾਰ ਜਾਂ ਭ੍ਰਿ ਟ ਯਾ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪਰਮੇ ਵਰ ਦੇ ਰਾਜ ਵਿਚ**



**ਅਧਕਾਰ ਨਹੀਂ। ਕੋਈ ਤੁਹਾਨੂੰ ਫੋਕੀਆਂ ਗੱਲਾਂ ਨਾਲ ਧੋਖਾ ਨਾ ਦੇਵੇ ਕਿਉ ਜੋ ਇਨਾਂ ਗੱਲਾਂ ਦੇ ਕਾਰਨ ਪਰਮੇ ਵਰ ਦਾ ਕੋਪ ਅਣਆਗਿਆਕਾਰੀ ਦੇ ਪੁੱਤ੍ਰਾਂ ਉੱਤੇ ਪੈਂਦਾ ਹੈ। ਸੋ ਤੁਸੀਂ ਉਹਨਾਂ ਦੇ ਸਾਂਝੀ ਨਾ ਹੋਵੋ। ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤ੍ਰਾਂ ਵਾਂਗੂੰ ਚੱਲੋ। ਚਾਨਣ ਦਾ ਫਲ ਹਰ ਭਾਤ ਦੀ ਭਲਿਆਈ ਅਤੇ ਧਰਮ ਅਤੇ ਸਚਿਆਈ ਵਿਚ ਹੈ ਅਤੇ ਪਰਤਾ ਕੇ ਵੇਖੋ ਜੋ ਪਰਮੇ ਵਰ ਨੂੰ ਕੀ ਭਾਉਂਦਾ ਹੈ। ਅਤੇ ਅਨ੍ਹੇਰੇ ਦੇ ਅਫੱਲ ਕਾਰਜਾਂ ਵਿਚ ਸਾਂਝੀ ਨਾ ਹੋਵੋ ਪਰ ਉਨ੍ਹਾਂ ਨੂੰ ਨੰਗਿਆਂ ਕਰੋ।**

ਇਸ ਅਧਿਆਇ ਵਿੱਚ ਤੁਸੀਂ ਸਿੱਖਣਾ_ਰੁ ਕੀਤਾ ਹੈ ਕਿ ਪਵਿੱਤਰ ਆਤਮਾ ਕੌਣ ਹੈ ਅਤੇ ਉਸ ਨਾਲ ਗਹਿਰਾ ਸੰਬੰਧ ਕਿਸ ਤਰਾਂ ਸਥਾਪਿਤ ਕਰਨਾ ਹੈ ਅਤੇ ਉਸਦੇ ਰਾਹੀਂ ਸੱਚੀ ਖੁ ੀ ਦਾ ਅਨੁਭਵ ਕਰਨਾ ਹੈ। ਅਗਲੇ ਅਧਿਆਏ ਵਿਚ ਤੁਸੀਂ ਆਪਣੀ ਜਿੰਦਗੀ ਵਿਚ ਪਵਿੱਤਰ ਆਤਮਾ ਦੀ ਸੇਵਕਾਈ ਦੇ ਦੂਜੇ ਪਹਿਲੂਆਂ ਬਾਰੇ ਸਿੱਖੋਗੇ। ਇਸ ਤੋਂ ਪਹਿਲਾਂ ਕੀ ਤੁਸੀਂ ਪ੍ਰਾਰਥਨਾ ਕਰੋ, ਕ੍ਰਿਪਾ ਕਰਕੇ ਹੇਠ ਲਿਖੇ ਯਿਸੂ ਮਸੀਹ ਦੇ ਬਚਨਾਂ ਨੂੰ ਪੜੋ –

**ਮੈਂ ਤੁਹਾਨੂੰ ਆਖਦਾ ਹਾਂ ਮੰਗੋ ਤਾ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋਂ ਤਾਂ ਤੁਹਾਨੂੰ ਲੱਭੇਗਾ, ਖੜਕਾਓ ਤਾਂ ਤੁਹਾਡੇ ਲਹੀ ਖੋਲਿਆ ਜੇਵਾਗਾ। ਕਿਉਂਕਿ ਹਰੇਕ ਜਿਹੜਾ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਢਦਾ ਹੈ ਉਹ ਨੂੰ ਲੱਭਦਾ ਹੈ ਅਤੇ ਜਿਹੜਾ ਖੜਕਾਉਂਦਾ ਹੈ ਉਹ ਦੇ ਲਈ ਖੋਲ੍ਹਿਆ ਜਾਵੇਗਾ। ਪਰ ਤੁਹਾਡੇ ਵਿਚੋਂ ਉਹ ਕਿਹੜਾ ਪਿਉ ਹੈ ਕਿ ਜੇ ਉਹ ਦਾ ਪੁੱਤ੍ਰ ਮਛੀ ਮੰਗੇ ਤਾਂ ਉਹ ਨੂੰ ਮੱਛੀ ਦੇ ਥਾ ਸੱਪ ਦੇਵੇਗਾ? ਯਾ ਜੇ ਆਂਡਾ ਮੰਗੇ ਤਾਂ ਉਹ ਨੂੰ ਬਿੱਛੂ ਦੇਵੇਗਾ? ਸੋ ਜੋ ਤੁਸੀਂ ਬੁਰੇ ਹੋ ਕੇ ਆਪਣਿਆ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ।**

ਹੇਠ ਲਿਖੀ ਪ੍ਰਾਰਥਨਾ ਪਵਿੱਤਰ ਆਤਮਾ ਨਾਲ ਤੁਹਾਡੇ ਸਬੰਧ ਦੇ ਵਾਧੇ ਵਿਚ ਤੁਹਾਡੀ ਸਹਾਹਿਤਾ ਕਰ ਸਕਦੀ ਹੈ –

**ਪਿਆਰੇ ਸੁਵਰਗੀ ਪਿਤਾ,**

ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਪਵਿੱਤਰ ਆਤਮਾ ਦੇ ਦੁਆਰਾ ਮੈਨੂੰ ਆਪਣੇ ਵੱਲ ਖਿੱਚਣ ਲਈ ਅਤੇ ਮੈਨੂੰ ਮੇਰੇ ਨਵੇਂ ਆਤਮਕ ਜਨਮ ਦੇ ਦੁਆਰਾ ਅਨੰਤ ਜੀਵਨ ਦਾ ਵਰਦਾਨ ਦੇਣ ਲਈ। ਤੁਹਾਡਾ ਧੰਨਵਾਦ ਪਵਿੱਤਰ ਆਤਮਾ

ਦੇਣ ਦੀ ਪ੍ਰਤੀਗਿਆ ਲਈ ਜੋ ਕੋਈ ਵੀ ਮੰਗਦਾ ਹੈ। ਇਸ ਲਈ ਮੈਂ ਠੀਕ ਹੁਣ ਪਵਿੱਤਰ ਆਤਮਾ ਲਈ ਮੰਗਦਾ ਹਾਂ ਕਿ ਮੇਰੇ ਜੀਵਨ ਵਿਚ ਆਏ ਅਤੇ ਅਗੁਵਾਈ ਕਰੇ ਨਿਰਦੇ ਦੇਵੇ ਭਰੇ ਅਤੇ ਮੇਰੇ ਜੀਵਨ ਦੇ ਹਰ ਖੇਤਰ ਵਿਚ ਕਬਜਾ ਕਰੇ, ਯਿਸੂ ਨੂੰ ਮੇਰੇ ਤੇ ਪ੍ਰਗਟ ਕਰਨ ਲਈ ਅਤੇ ਮੈਨੂੰ ਇਹ ਦਿਖਾਵੁਣ ਲਈ ਕਿ ਮੈਂ ਤੁਹਾਡੇ ਲਈ ਕਿਸ ਤਰਾਂ ਜੀਵਾਂ।

ਤੁਹਾਡਾ ਧੰਨਵਾਦ ਆਪਨੀ ਪ੍ਰਤੀਗਿਆ ਨੂੰ ਹਮੇ ਾ ਰੱਖਣ ਲਈ, ਅਤੇ ਤੁਹਾਡਾ ਧੰਨਵਾਦ ਕਿ ਪਵਿੱਤਰ ਆਤਮਾ ਹੁਣ ਮੇਰੇ ਜੀਵਨ ਵਿਚ ਹੈ ਯਿਸੂ ਮਸੀਹ ਨੂੰ ਮੇਰੇ ਲਈ ਜਿਆਦਾ ਤੋਂ ਜਿਆਦਾ ਵਾਸਤਵਿਕ ਬਨਾਉਣ ਲਈ । ਮੇਰੀ ਸਹਾਇਤਾ ਕਰੋ ਕਿ ਮੈਂ ਪਵਿੱਤਰ ਆਤਮਾ ਦੇ ਪ੍ਰਤਿ ਸੰਵੇਦਨ ੀਲ ਹੋਵਾਂ ਅਤੇ ਕਿਸੇ ਵੀ ਤਰੀਕੇ ਨਾਲ ਪਵਿੱਤਰ ਆਤਮਾ ਨੂੰ ੋਕਿਤ ਨਾ ਕਰਾਂ ਮੈ. ਇਥੇ ਉਸਦੀ ਮੋਜਦੁਗੀ ਨੂੰ ਆਪਣੀ ਜਿੰਦਗੀ ਵਿਚ ਪ੍ਰਵਾਨ ਕਰਦਾ ਹਾਂ। ਪਵਿੱਤਰ ਆਤਮਾ ਮੈ. ਤੁਹਾਡੇ ਤੇ ਸਾਰੀ ਸਚਿਆਈ ਵਿਚ ਮੇਰੀ ਅਗਵਾਈ ਅਤੇ ਮਾਰਗ ਦਰ ਨ ਲਈ ਭਰੋਸਾ ਕਰਦਾ ਹਾਂ, ਅਤੇ ਹਰ ਰੋਜ ਮੇਰੇ ਜੀਵਨ ਵਿਚ ਅਤੇ ਜੀਵਨ ਦੁਆਰਾ ਯਿਸੂ ਨੂੰ ਪ੍ਰਗਟ ਕਰਨਾ।

ਪਰਮੇ ਵਰ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਸਚਿਆਈ ਦੀ ਆਤਮਾ ਲਈ ਅਤੇ ਇਹ ਕਿ ਮੇਰੇ ਕੋਲ ਹੁਣ ਮਸੀਹ ਦਾ ਮਨ ਹੈ ਅਤੇ ਇਸ ਲਈ ਮੈ. ਸਚਿਆਈ ਅਤੇ ਝੂਠ ਦੇ ਵਿਚ ਪਰਖ ਅਤੇ ਪਹਿਚਾਨ ਕਰ ਸਕਦਾ ਹਾਂ। ਪਰਮੇ ਵਰ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਮੈਂ ਹਮੇ ਾ ਪਰਮੇ ਵਰ ਦੇ ਬਚਨ ਦੇ ਰਾਹੀਂ ਆਤਮਾ ਨੂੰ ਪਰਖ ਸਕਦਾ ਹਾਂ ਇਹ ਜਾਣਨ ਲਈ ਕਿ ਇਹ ਤੁਸੀਂ ਮੇਰੀ ਅਗਵਾਈ ਕਰ ਰਹੇ ਹੋ ਜਾਂ ਕੋਈ ਦੂਸਰੀ ਆਤਮਾ ਮੈਨੂੰ ਭਟਕਾਉਣ ਦੀ ਕੋ ਿਸ ਕਰ ਰਹੀ ਹੈ। ਮੈਂ ਹਮੇ ਾ ਤੁਹਾਡੀ ਇੱਛਾ ਨੂੰ ਜਾਣਨਾ ਅਤੇ ਪੂ ਰੀ ਕਰਨਾ ਚਾਹੁੰਦਾ ਹਾਂ।

ਪਿਤਾ, ਤੁਹਾਡਾ ਧੰਨਵਾਦ ਕਿ ਪਵਿੱਤਰ ਆਤਮਾ ਦੁਆਰਾ ਤੁਹਾਡਾ ਪਿਆਰ ਮੇਰੇ ਹਿਰਦੇ ਵਿੱਚ ਪਾਇਆ ਗਿਆ ਹੈ ਅਤੇ ਇਹ ਕਿ ਮੈਂ ਹੁਣ ਤੁਹਾਡੇ ਲਈ ਪਿਆਰ ਦਾ ਜੀਵਨ ਜੀ ਸਕਦਾ ਹਾਂ। ਮੈ. ਜਾਣਦਾ ਹਾਂ ਕਿ ਮੈ. ਯਿਸੂ ਵਿਚ ਪੂਰਾ ਹਾਂ ਅਤੇ ਇਸ ਲਈ ਮੈਂ ਤੁਹਾਨੂੰ ਅਤੇ ਦੂਜਿਆਂ ਨੂੰ ਆਪਣੇ ਤੋਂ ਪਹਿਲਾਂ ਰੱਖ ਸਕਦਾ ਹਾਂ।

ਮੈਂ ਆਪਣੇ ਆਪ ਨੂੰ ਪਵਿੱਤਰ ਆਤਮਾ ਨੂੰ ਸਮਰਪਿਤ ਕਰਨਾ ਚੁਣਦਾ ਹਾਂ ਅਤੇ ਆਪਣੇ ਜੀਵਨ ਵਿਚ ਆਤਮਾ ਦੇ ਫਲ ਪ੍ਰਗਟ ਹੁੰਦੇ ਦੇਖਣ ਦੀ ਇੱਛਾ ਰੱਖਦਾ ਹਾਂ ਤਾਂਕਿ ਤੁਹਾਡੀ ਵਡਿਆਈ ਮੇਰੇ ਵਿਚ ਅਤੇ ਮੇਰੇ ਦੁਆਰਾ ਹੋਵੇ ਤਾਕਿ ਦੂਜੇ ਮੇਰੇ ਜੀਵਨ ਤੋ. ਲਾਭ ਉਠਾ ਸਕਣ।



ਮੈਂ ਚਾਹੁੰਦਾ ਹਾ ਕਿ ਮੇਰਾ ਜੀਵਨ ਤੁਹਾਡੇ ਦੁਆਰਾ ਇਸਤੇਮਾਲ ਹੋਵੇ, ਅਤੇ ਤੁਹਾਡੇ ਤੇ ਭਰੋਸਾ ਕਰਦਾ ਹਾਂ ਮੈਨੂੰ ਕਤੀ ਦਿਓ ਅਤੇ ਬਦਲ ਦਿਓ ਜਿਸ ਵੀ ਤਰੀਕੇ ਦੀ ਜਰੂਰਤ ਹੈ ਮੈਨੂੰ ਤੁਹਾਡੇ ਲਈ ਲਾਭਦਾਹਿਕ ਬਨਾਉਣ ਲਈ ਪਰਮੇ ਵਰ, ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਅਤੇ ਬਹੁਤ ਧੰਨਵਾਦੀ ਹਾਂ ਕਿ ਮੈਂ ਤੁਹਾਡਾ ਹਾਂ!

ਯਿਸੂ ਦੇ ਨਾਂ ਵਿਚ ਮੈਂ ਪ੍ਰਾਰਥਨਾ ਕਰਦਾ ਹਾਂ ਆਮੀਨ !

# ਸੱਚੀ ਖੁ ੀ ਪਰਮੇ ਵਰ ਨਾਲ ਸਾਂਝੀਦਾਰੀ ਹੈ!

## ਅਧਿਆਇ -ਸੱਤ

## 7



ਸੱਚੀ ਖੁ ੀ ਪਰਮੇ ਵਰ ਨਾਲ ਸਾਂਝੀਦਾਰੀ ਹੈ! ਆਪਣੇ ਕਰਤਾ ਦੇ ਨਾਲ ਸਾਂਝੀਦਾਰੀ ਵਿਚ ਜੀਉਣਾ ਜਿੰਦਗੀ ਦੇ ਸਭ ਤੋਂ ਜਿਆਦਾ ਫਲ ਦੇਣ ਵਾਲੇ ਅਨੁਭਵਾਂ ਵਿਚੋਂ ਹੈ। ਪਰਮੇ ਵਰ ਦੀ ਸੰਤਾਨ ਹੁੰਦੇ ਹੋਏ ਅਸੀ. ਆਪਣੀ ਭਰਪੂਰ ਸਮਰਥਾ ਅਤੇ ਸਭ ਤੋਂ ਉੱਚੇ ਉਦੇ  ਤਕ ਇਸ ਤਰ੍ਹਾ ਪਹੁੰਚਦੇ ਹਾਂ।

ਆਪਣੇ ਜੀਵਨਕਾਲ ਦੇ ਕਿਸੇ ਵੀ ਅਨੁਭਵ ਦੀ ਤੁਲਨਾ ਉਸ ਸਮੇਂ ਨਾਲ ਨਹੀਂ ਕਰ ਸਕਦੇ ਜਦੋ. ਅਸੀਂ ਪਰਮੇ ਵਰ ਦੇ ਨਾਲ ਸਾਂਝੀਦਾਰੀ ਵਿਚ ਜੀਉਂਦੇ ਹਾਂ। ਸਾਡਾ ਹਰ ਰੋਜ ਪਰਮੇ ਵਰ ਨਾਲ ਸਾਂਝੇਦਾਰ ਹੋਣਾ ਉਸਦੀਆਂ ਯੋਜਨਾਵਾਂ ਅਤੇ ਉਦੇ  ਸਾਡੇ ਜੀਵਨ ਲਈ ਅਤੇ ਦੂਜਿਆਂ ਦੇ ਜੀਵਨਾਂ ਨੂੰ ਜਿਨ੍ਹਾਂ ਨੂੰ ਅਸੀਂ ਸਪਰ ਕਰਦੇ ਹਾਂ ਸਾਡੇ ਲਈ ਡੂੰਗਾ ਅਨੰਦ ਅਤੇ ਸੱਚੀ ਖੁ  ਲੈ ਕੇ ਆਉਂਦੇ ਹਨ।

ਪਰਮੇ ਵਰ ਦੇ ਨਾਲ ਸੰਬੰਧ ਅਤੇ ਸਾਂਝੀਦਾਰੀ ਤੋਂ ਬਾਹਰ ਜੀਵਨ ਨੂੰ ਜੀਉਣਾ ਤੁਹਾਡੇ ਜੀਵਨ ਦੇ ਬਿਨਾਂ ਮਤਲਬ ਅਤੇ ਖਾਲੀ ਹੋਣ ਦਾ ਕਾਰਨ ਕਰ ਦੇਵੇਗਾ, ਪਰ ਜਦੋਂ ਤੁਸੀਂ ਯਿਸੂ ਨੂੰ ਕਬੂਲ ਕਰਦੇ ਹੋ ਅਤੇ ਨਵਾਂ ਜਨਮ ਪਾਉਂਦਾ ਹੋ, ਤੁਸੀਂ ਪਰਮੇ ਵਰ ਨਾਲ ਸਾਂਝੇਦਾਰ ਬਣ ਜਾਂਦੇ ਹੋ। ਤੁਸੀਂ ਅਲੌਕਿਕ ਢੰਗ ਨਾਲ ਜੀਉਣ ਲਈ ਤਿਆਰ ਹੋ, ਉਸਦੇ ਨਾਲ ਹੱਥ ਨਾਲ ਹੱਥ ਮਿਲਾ ਕੇ ਪਵਿੱਤਰ ਆਤਮਾ ਦੀ  ਕਤੀ ਦੇ ਨਾਲ।



ਚੇਲੇ ਬਾਹਰ ਗਏ ਅਤੇ ਹਰ ਥਾਂ ਤੇ ਪਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਂਲ ਕੰਮ ਕਰਦਾ ਸੀ ਅਤੇ ਆਪਣੇ ਬਚਨ ਨੂੰ ਚਿੰਨ੍ਹਾ ਦੇ ਨਾਲ ਪ੍ਰਮਾਣਿਤ ਕੀਤਾ ਜਿਹੜੇ ਇਸਦੇ ਨਾਲ-2 ਹੋਏ, ਅਤੇ ਉਹ ਹੁਣ ਤੁਹਾਡੇ ਨਾਲ ਕੰਮ ਕਰਨਾ ਚਾਹੁੰਦਾ ਹੈ।

### ਸੱਚੀ ਖੁ ੀ ਪਰਮੇ ਵਰ ਨਾਲ ਸਾਂਝੀਦਾਰੀ ਹੈ .....

ਪਿਛਲੇ ਅਧਿਆਇ ਵਿਚ, ਅਸੀਂ ਤੁਹਾਡੇ ਜੀਵਨ ਵਿਚ ਪਵਿੱਤਰ ਆਤਮਾ ਦੀ ਸੇਵਕਾਈ ਦੇ ਕੁਝ ਪੱਖਾਂ ਤੇ ਚਰਚਾ ਕੀਤੀ, ਵਿ ੇਸ ਕਰ ਉਨ੍ਹਾਂ ਤੇ ਜੋ ਸੰਸਾਰ ਦੇ ਉਪਰ ਤੁਹਾਡੀ ਵਿਅਕਤੀਗਤ ਜਿੱਤ ਦੇ ਜੀਵਨ ਨਾਲ ਸੰਬਧਿਤ ਸਨ ਸਰੀਰ , ਅਤੇ  ਤਾਨ ਅਤੇ ਉਸ ਦੀ ਤੁਹਾਡੇ ਜੀਵਨ ਵਿਚ ਪਲ-ਪਲ ਦੀ ਅਗੁਵਾਈ। ਅਸੀਂ ਹੁਣ ਚਾਹੁੰਦੇ ਹਾਂ ਕਿ ਅੱਗੇ ਚਲੀਏ ਜਿਹੜਾ ਕਿ ਤੁਹਾਡੇ ਮਸੀਹੀ ਜੀਵਨ ਦਾ ਮੁਸਕਿਲ ਹੈ ਸਭ ਤੋਂ ਮਹੱਤਵਪੂਰਨ ਹਿੱਸਾ ਹੈ, ਪਰਮੇ ਵਰ ਦੇ ਨਾਲ ਸਾਂਝੀਦਾਰੀ ਵਿਚ ਜੀਉਣਾ, ਪਵਿੱਤ੍ਰ ਆਤਮਾ ਦੀ  ਕਤੀ ਨਾਲ।

ਇਸੇ ਤਰ੍ਹਾਂ ਹੈ ਕਿ ਲੋਕਾਂ ਅਤੇ ਪਰਮੇ ਵਰ ਦੇ ਵਿਚ ਜੀਵਨ ਦਾ ਹਮੇ ਾ ਇਹੋ ਮਤਲਬ ਹੈ - ਪਰਮੇ ਵਰ ਧਰਤੀ ਤੇ ਆਪਣੇ ਉਦੇ ਾ ਨੂੰ ਪੂਰਾ ਕਰਨ ਲਈ ਲੋਕਾਂ ਦੇ ਨਾਲ ਕੰਮ ਕਰਦਾ ਹੈ। ਯਾਦ ਕਰੋ ਪਹਿਲੇ ਅਧਿਆਇ ਵਿਚ - ਆਦਮ ਅਤੇ ਹਵਾ ਕੋਲ ਅੱਦਭੁਤ ਬਰਕਤਾਂ ਦਾ ਜੀਵਨ ਸੀ ਜਦੋਂ ਉਹ ਆਪਣੇ ਕਰਤਾ ਨਾਲ ਇੱਕਠੇ ਰਾਜ ਕਰਦੇ ਪਰਮੇ ਵਰ ਨੇ ਧਰਤੀ ਦੇ ਸਾਰੇ ਜਿਉਂਦੇ ਪ੍ਰਾਣੀਆਂ ਦੇ ਉਪਰ ਅਧਿਕਾਰ ਦਿੱਤਾ ਸੀ ਅਤੇ ਉਨਾਂ ਨੂੰ ਕਿਹਾ ਕਿ ਫੁੱਲੋ, ਵੱਧੋ ਅਤੇ ਧਰਤੀ ਨੂੰ ਭਰ ਦਿਓ ਅਤੇ ਇਸਨੂੰ ਵੱਸ ਵਿਚ ਕਰ ਲਓ। ਪਰਮੇ ਵਰ ਨੇ ਬੁਨਿਆਦੀ ਤੌਰ ਨਾਲ ਉਨਾਂ ਨੂੰ ਹਰ ਚੀਜ ਦੀ ਦੇਖ ਰੇਖ ਲਈ ਰੱਖਿਆ, ਇਥੋਂ ਤਕ ਜਾਨਵਰਾ ਦੇ ਨਾਮ ਰਖਣ ਲਈ ਵੀ।

ਪਰਮੇ ਵਰ ਦੀ ਦੀ ਸੰਤਾਨ ਹੋਣ ਦੇ ਨਾਤੇ ਸਾਡੇ ਕੋਲ ਹੁਣ  ਉਸ ਤੋਂ ਵੀ ਉੱਚੀ ਬੁਲਾਹਟ ਅਤੇ ਉਦੇ  ਹੈ। ਜਦ ਤੋਂ ਯਿਸੂ ਨੇ ਸਾਨੂੰ ਛੁਡਾਇਆ ਸਾਡੇ ਬਦਲੇ ਮਰ ਕੇ ਅਤੇ ਸਾਨੂੰ ਖੁਦ ਆਪਣੇ ਵਡਮੁਲੇ ਲਹੂ ਦੇ ਨਾਲ ਵਾਪਿਸ ਖਰੀਦ ਲਿਆ ਅਸੀਂ ਹੁਣ ਤੋਂ ਬਾਅਦ ਖੁਦ ਆਪਣੇ ਨਹੀਂ ਰਹੇ ਪਰ ਅਲਗ ਕੀਤੇ ਗਏ ਹਾਂ ਉਸ ਉੱਚੇ ਅਤੇ ਪਵਿੱਤਰ ਉਦੇ  ਲਈ ਕਿ ਦੂਜਿਆਂ ਨੂੰ ਯਿਸੂ ਮਸੀਹ ਨੂੰ ਜਾਨਣ ਦੀ ਸਹਾਇਤਾ ਵੀ ਕਰੀਏ।

ਅਸੀਂ ਇਹ ਕਰ ਸਕਦੇ ਹਾਂ ਪਰਮੇ ਵਰ ਦੇ ਜੀਵਨ ਨੂੰ ਸਾਡੇ ਦੁਆਰਾ ਜੀਉਣ ਲਈ ਮੌਕਾ ਦੇ ਕੇ ਜਿਸ ਤਰੀਕੇ ਨਾਲ ਉਸਨੇ ਆਪਣੇ ਜੀਵਨ ਨੂੰ ਯਿਸੂ ਦੇ ਦੁਆਰਾ ਗੁਜਾਰਿਆ ਜਦੋਂ ਉਹ ਇੱਥੇ ਧਰਤੀ ਤੇ ਸੀ। ਮਨੁੱਖ ਜਾਤ ਨੂੰ ਪਰਮੇ ਵਰ ਨੂੰ ਜਾਨਣ ਲਈ ਬਨਾਉਣਾ ਇੱਕ ਅਲੌਕਿਕ ਕੰਮ ਹੈ ਜੋ ਕਿ ਪਵਿੱਤਰ ਆਤਮਾ ਦੇ ਦੁਆਰਾ

ਪੂਰਾ ਹੁੰਦਾ ਹੈ। ਉਹ ਪਵਿੱਤਰ ਆਤਮਾ ਜਿਸਨੇ ਯਿਸੂ ਮਸੀਹ ਦੇ ਦੁਆਰਾ ਕੰਮ ਕੀਤਾ ਹੁਣ ਸਾਡੇ ਦੁਆਰਾ ਕੰਮ ਕਰਨਾ ਚਾਹੁੰਦਾ ਹੈ ਹਰ ਥਾਂ ਤੇ ਲੋਕਾਂ ਤੇ ਪਰਮੇ ਵਰ ਨੂੰ ਪ੍ਰਗਟ ਕਰਕੇ।

ਜਦੋਂ ਯਿਸੂ ਸਵਰਗ ਵਿਚ ਆਪਣੇ ਪਿਤਾ ਕੋਲ ਵਾਪਿਸ ਚਲੇ ਗਏ ਤਾਂ ਉਨਾਂ ਨੇ ਆਪਣੇ ਚੇਲਿਆਂ ਨੂੰ ਹੁਕਮ ਦਿੱਤਾ, ਜਿਨਾਂ ਵਿਚ ਅੱਜ ਅਸੀਂ ਵੀ ਾਮਿਲ ਹਾਂ, ਕਿ ਸਾਰੇ ਸੰਸਾਰ ਵਿਚ ਜਾ ਕੇ ਉਸਦੇ ਬਾਰੇ ਖੁ ਖਬਰੀ ਹਰ ਥਾਂ ਤੇ ਲੋਕਾਂ ਨੂੰ ਦੱਸੀਏ ਤਾਂ ਕਿ ਉਹ ਵੀ ਵਿ ਵਾਸ ਕਰ ਸਕਣ, ਉਸਨੂੰ ਕਬੂਲ ਕਰਨ ਅਤੇ ਸਾਡੀ ਤਰਾਂ ਬਚਾਏ ਜਾਣ।

ਬਾਈਬਲ ਕਹਿੰਦੀ ਹੈ, **ਕਿਉਂ ਜੋ ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ। ਪਰ ਜਿਹਦੇ ਉੱਤੇ ਨਿਹਚਾ ਨਹੀਂ ਕੀਤੀ ਉਹ ਉਸ ਦਾ ਨਾਮ ਕਿਕੁਰ ਲੈਣ ਅਤੇ ਜਿਹਦੀ ਖਬਰ ਸੁਬਣੀ ਨਹੀਂ ਉਸ ਉੱਤੇ ਨਿਹਚਾ ਕਿਕੁਰ ਕਰਨ? ਅਤੇ ਪਰਚਾਰਕ ਬਾਝੋਂ ਕਿਕੁਰ ਸੁਣਨ?**

ਤੁਸੀਂ ਪਰਮੇ ਵਰ ਦੀ ਯੋਜਨਾ ਲਈ ਮਹੱਤਵਪੂਰਨ ਹੋ ਕਿ ਤੁਹਾਡੇ ਦੁਆਰਾ ਲੋਕ ਯਿਸੂ ਨੂੰ ਜਾਣਨ ਇਹ ਤੁਹਾਡੇ ਨਾਲ ਸਾਂਝੇਦਾਰੀ ਦੇ ਦੁਆਰਾ ਹੈ ਕਿ ਪਰਮੇ ਵਰ ਯਿਸੂ ਦੇ ਬਾਰੇ ਖੁ ਖਬਰੀ ਨੂੰ ਤੁਹਾਡੇ ਆਲੇ ਦੁਆਲੇ ਦੁਜਿਆਂ ਨੂੰ ਐਲਾਨ ਕਰਨਾ ਚਾਹੁੰਦਾ ਹੈ। ਹੁਣ ਇਹ ਕਿ ਤੁਸੀਂ ਬਚ ਚੁੱਕੇ ਹੋ ਅਤੇ ਯਿਸੂ ਨੂੰ ਜਾਣਦੇ ਹੋ, ਤੁਹਾਡੇ ਜੀਵਨ ਵਿਚ ਮਕਸਦ ਹੈ ਕਿ ਯਿਸੂ ਮਸੀਹ ਨੂੰ ਦੂਜੇ ਜਾਣਨ ਉਨਾਂ ਨੂੰ ਉਸਦੇ ਬਾਰੇ ਦੱਸਣ ਦੇ ਦੁਆਰਾ।

ਇਹੇ ਤੁਹਾਡੇ ਲਈ ਠੀਕ ਨਹੀਂ ਹੋਵੇਗਾ ਕਿ ਤੁਸੀਂ ਪਰਮੇ ਵਰ ਤੋਂ ਸਾਰੀਆ ਬਰਕਤਾਂ ਲੈ ਲਓ ਅਤੇ ਫੇਰ ਉਨ੍ਹਾ ਦੂਜਿਆ ਨਾਲ ਨਾ ਵੰਡੋ ਜਿਨ੍ਹਾਂ ਨਾਲ ਤੁਸੀਂ ਸੰਪਰਕ ਵਿਚ ਆਉਂਦੇ ਹੋ। ਯਿਸੂ ਮਸੀਹ ਸਾਰਿਆਂ ਦੇ ਪਾਪਾਂ ਲਈ ਮਰੇ। ਇਸ ਲਈ ਹਰ ਇੱਕ ਨੂੰ ਇਹ ਖੁ ਖਬਰੀ ਜਾਣਨਾ ਜਰੂਰੀ ਹੈ। ਤੁਸੀਂ ਇਹ ਮੌਕਾ ਨਹੀਂ ਦੇ ਸਕਦੇ ਕਿ ਕੋਈ ਵੀ ਪਾਪ ਵਿਚ ਮਰੇ ਅਤੇ ਨਰਕ ਵਿਚ ਹਮੇ ਾ ਲਈ ਜਾਏ ਬਿਨਾਂ ਉਸ ਮੌਕੇ ਨੂੰ ਪਾਏ, ਜੋ ਯਿਸੂ ਮਸੀਹ ਨੂੰ ਕਬੂਲ ਕਰਨ ਦਾ ਮੌਕਾ ਤੁਹਾਨੂੰ ਮਿਲਿਆ ਸੀ।

ਪਿਆਰ ਦਾ ਸਭ ਤੋਂ ਵੱਡਾ ਕੰਮ ਜੋ ਇਕ ਇਨਸਾਨ ਦੁਜਿਆਂ ਲਈ ਦਿਖਾ ਸਕਦਾ ਹੈ। ਉਹ ਉਨ੍ਹਾਂ ਨੂੰ ਯਿਸੂ ਮਸੀਹ ਬਾਰੇ ਖੁ ਖਬਰੀ ਦੱਸ ਕੇ ਕਰ ਸਕਦਾ ਹੈ, ਤਾਂਕਿ ਉਹ ਵੀ ਵਿ ਵਾਸ ਕਰਨ, ਕਬੂਲ ਕਰਨ ਅਤੇ ਬਚਾਏ ਜਾਣ ਲਈ ਪ੍ਰਭੂ ਦੇ ਨਾਮ ਨੂੰ ਪੁਕਾਰਣ। ਪਰ ਉਹ ਯਿਸੂ ਨੂੰ ਪੁਕਾਰ ਨਹੀਂ ਸਕਦੇ ਜੇ ਉਹ ਇਹ ਨਾ ਸੁਣਨ ਕਿ ਉਹ ਉਹਨਾਂ ਦੀ ਥਾਂ ਤੇ ਮਰਿਆ ਉਨ੍ਹਾਂ ਦੇ ਸਾਰੇ ਪਾਪਾਂ ਦੀ ਕੀਮਤ ਲਈ ਅਤੇ ਇਹ ਕਿ ਉਹੋ ਕਰਤਾ ਵੱਲ ਮੁੜਨ ਦਾ।



ਪਰਮੇ ਵਰ ਦਾ ਪਹਿਲਾ ਕਾਰਨ ਤੁਹਾਨੂੰ ਇਸ ਧਰਤੀ ਤੇ ਛੱਡਣ ਦਾ ਤੇ ਠੀਕ ਹੁਣੇ ਸਵਰਗ ਵਿਚ ਤੁਹਾਨੂੰ ਨਾ ਲੈ ਕੇ ਜਾਣਦਾ ਹੈ ਇਹ ਹੈ ਕਿ ਤੁਸੀਂ ਦੂਜਿਆਂ ਨੂੰ ਦੱਸੋ ਤਾਕਿ ਉਹ ਯਿਸੂ ਨੂੰ ਜਾਣਨ। ਪਰਮੇ ਵਰ ਨੇ ਕਿਸੇ ਨੂੰ ਇਸਤੇਮਾਲ ਕੀਤਾ ਤੁਹਾਡੇ ਤੱਕ ਸਮਾਚਾਰ ਪਹੁੰਚਾਉਣ ਲਈ ਅਤੇ ਹੁਣ ਤੁਹਾਨੂੰ ਇਸਤੇਮਾਲ ਕਰਨਾ ਚਾਹੁੰਦਾ ਹੈ ਕਿ ਤੁਸੀਂ ਉਹੋ ਦੂਜਿਆਂ ਲਈ ਕਰੋ ਜਿਨ੍ਹਾਂ ਕੋਲ ਉਹ ਤੁਹਾਡੇ ਦੁਆਰਾ ਖੁ ਖਬਰੀ ਪਹੁੰਚਾਏਗਾ।

ਆਉ ਹੇਠਾਂ ਲਿਖੇ ਪਰਮੇ ਵਰ ਦੇ ਬਚਨ ਦੇ ਹਿੱਸੇ ਨੂੰ ਪੜੀਏ, ਜਿਹੜਾ ਦੂਜਿਆਂ ਤੱਕ ਤੁਹਾਡੇ ਦੁਆਰਾ ਪਹੁੰਚਣ ਦੀ ਯੋਜਨਾ ਦੇ ਬਾਰੇ ਤੁਹਾਡੇ ਤੇ ਪ੍ਰਕਟ ਕਰੇਗਾ।

**ਸੋ ਜੇ ਕੋਈ ਮਸੀਹ ਵਿਚ ਹੈ ਤਾ ਉਹ ਲਈ. ਸਰਿ ਟ ਹੈ ਪੁਰਾਣੀਆ ਗੱਲਾ ਬੀਤ ਗਈਆ, ਵੇਖੋ, ਉਹ ਨਵੀਆਂ ਹੋ ਗਈਆਂ ਹਨ। ਪਰ ਸਾਰੀਆਂ ਗੱਲਾਂ ਪਰਮੇ ਵਰ ਤੋਂ ਹਨ ਜਿਹਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ। ਅਰਥਾਤ ਪਰਮੇ ਵਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ। ਅਸੀਂ ਮਸੀਹ ਦੇ ਚੇਲਚੀ ਹਾਂ ਭਈ ਜਾਣੋਂ ਪਰਮੇ ਵਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇ ਵਰ ਨਾਲ ਮੇਲ-ਮਿਲਾਪ ਕਰ ਲਓ। ਉਹ ਨੇ ਉਸਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿਚ ਹੋ ਕੇ ਪਰਮੇ ਵਰ ਦਾ ਧਰਮ ਬਣੀਏ।**

ਇਹ ਬਚਨ ਸਾਨੂੰ ਚੇਤੇ ਕਰਾਉਂਦੇ ਹੋਏ_ਰੁ ਹੁੰਦੇ ਹਨ ਕਿ ਤੁਸੀਂ ਮਸੀਹ ਵਿਚ ਇਕ ਨਵੀਂ ਸਰਿ ਟ ਹੋ। ਤੁਹਾਡੀ ਪੁਰਾਣੀ ਜਿੰਦਗੀ ਚਲੀ ਗਈ ਹੈ। ਤੁਹਾਡੇ ਕੋਲ ਇੱਕ ਪੂਰੀ ਤਰਾਂ ਨਵਾਂ ਜੀਵਨ ਹੈ, ਅਤੇ ਇਹ ਸਭ ਪਰਮੇ ਵਰ ਵੱਲੋਂ ਹੈ। ਉਹ ਤੁਹਾਨੂੰ ਆਪਣੇ ਨਾਲ ਮਿਲਾ ਰਿਹਾ ਹੈ। ਪਰਮੇ ਵਰ ਸਿਰਫ ਤੁਹਾਨੂੰ ਵਾਪਿਸ ਆਪਣੇ ਨਾਲ ਨਹੀਂ ਲੈ ਕੇ ਆਇਆ ਪਰ ਉਸਨੇ ਤੁਹਾਨੂੰ ਬਦਲ ਦਿੱਤਾ ਹੈ ਤਾਕਿ ਤੁਸੀਂ ਉਸ ਨਾਲ ਸੰਗਤ ਕਰੋ ਅਤੇ ਉਸਦੇ ਨਾਲ ਸਾਂਝੀਦਾਰੀ ਵਿਚ ਰਹੋ।

ਪਰਮੇ ਵਰ ਨੇ ਨਾ ਸਿਰਫ ਆਪਣੇ ਨਾਲ ਤੁਹਾਡਾ ਮਿਲਾਪ ਕੀਤਾ ਪਰ ਉਸਨੇ ਫੇਰ ਤੁਹਾਨੂੰ ਮੇਲਮਿਲਾਪ ਦੀ ਸੇਵਾ ਵੀ ਦਿੱਤੀ, ਬਾਕੀ ਸਾਡੇ ਨਾਂਲ ਬਚੇ ਹੋਏ ਵਿ ਵਾਸਿਆਂ ਦੇ ਨਾਲ। ਇਹ ਇੱਕ ਸੇਵਾ ਹੈ ਜੋ ਤੁਸੀਂ ਦੂਜਿਆਂ ਲਈ ਕਰ ਸਕਦੇ ਹੋ, ਉਨਾਂ ਦੇ ਭਲੇ ਲਈ, ਯਿਸੂ ਮਸੀਹ ਵਲੋਂ ਉਸਦੀ ਮਹਿਮਾ ਲਈ।

ਤੁਸੀਂ ਹੁਣ ਮਸੀਹ ਦੇ ਲਈ ਇੱਕ ਰਾਜਦੂਤ ਹੋ, ਪਰਮੇ ਵਰ ਦੇ ਇੱਕ ਪ੍ਰਤਿਨਿਧੀ। ਇਹ ਇਕ ਬਹੁਤ ਅਦਭੁਤ ਸੰਨਮਾਨ ਅਤੇ ਕਤੀ ਹੈ ਜੋ ਪਰਮੇ ਵਰ ਨੇ ਤੁਹਾਡੇ

ਉਪਰ ਪਾਈ ਹੈ। ਤੁਸੀਂ ਗੁਆਚੇ ਹੋਏ ਅਤੇ ਮਰ ਰਹੀ ਆਤਮਾਵਾਂ ਲਈ ਆ ਾ, ਂਤੀ ਅਤੇ ਜਿੰਦਗੀ ਦੇ ਸੰਦੇ ਵਾਹਕ ਹੋ ਜਿੱਥੇ ਤੁਸੀ ਜਾਂਦੇ ਹੋ। ਪਰਮੇ ਵਰ ਦੇ ਇਕ ਰਾਜਦੂਤ ਮੇਲ ਮਿਲਾਪ ਦੀ ਸੇਵਕਾਈ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ ਹਰ ਚੀਜ ਹੈ ਜਿਸਦੀ ਤੁਹਾਨੂੰ ਜਰੂਰਤ ਹੈ। ਤੁਸੀਂ ਯਿਸੂ ਦੇ ਨਾਮ ਵਿਚ ਜਾ ਸਕਦੇ ਹੋ, ਪਰਮੇ ਵਰ ਤੋਂ ਇਹ ਆਸ ਰੱਖਦੇ ਹੋਏ ਕਿ ਦੂਜਿਆਂ ਨੂੰ ਮਸੀਹ ਨੂੰ ਜਾਨਣ ਲਈ ਬਨਾਉਣ ਵਾਸਤੇ ਉਹ ਅਲੌਕਿਕ ਢੰਗ ਨਾਲ ਤੁਹਾਡੇ ਦੁਆਰਾ ਕੰਮ ਕਰੇਗਾ। ਉਸਦਾ ਅਧਿਕਾਰ ਹੁਣ ਤੁਹਾਡਾ ਹੈ।

ਉਸਨੇ ਸਿਰਫ ਤੁਹਾਨੂੰ ਮੇਲਮਿਲਾਪ ਦੀ ਸੇਵਾ ਹੀ ਨਹੀਂ ਦਿੱਤੀ ਪਰ ਪਰਮੇ ਵਰ ਨੇ ਤੁਹਾਨੂੰ ਮੇਲ ਮਿਲਾਪ ਦਾ ਸੰਦੇ ਵੀ ਸੌਂਪਿਆ ਹੈ, **ਅਰਥਾਤ ਪਰਮੇ ਵਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਹਨਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਕਰਦਾ ।**

ਇਹ ਸੰਦੇ ਹੈ ਜੋ ਤੁਸੀਂ ਦੂਜਿਆਂ ਨੂੰ ਦੱਸਣਾ ਹੈ ਤਾਂ ਕਿ ਉਹ ਵੀ ਪਰਮੇ ਵਰ ਦੀ ਭਲਿਆਈ ਅਤੇ ਉਸਦੇ ਪੁੱਤਰ ਯਿਸੂ ਦੇ ਤੋਹਫੇ ਨੂੰ ਉਨਾਂ ਵਲੋਂ ਸੁਣ ਸਕਣ। ਇਹ ਸਿਰਫ ਉਸ ਸਮੇਂ ਜਦੋਂ ਉਹ ਇਸ ਖੁ ਖਬਰੀ ਨੂੰ ਸੁਣਨਗੇ ਇਹ ਕਿ ਉਹ ਜਾਣਨਗੇ ਕਿ ਉਹ ਹੁਣ ਆਪਣੇ ਕਰਤਾ ਦੇ ਨਾਲ ਮਿਲ ਸਕਦੇ ਹਨ।

ਜਿਆਦਾ ਲੋਕ ਆਪਣੇ ਪਾਪਾਂ ਬਾਰੇ ਜਾਣਦੇ ਹਨ, ਅਤੇ ਉਹ ਪਰਮੇ ਵਰ ਤੋਂ ਇਸ ਕਾਰਨ ਭੱਜਦੇ ਹਨ। ਉਨਾਂ ਨੇ ਅਜੇ ਤਕ ਇਹ ਨਹੀਂ ਸੁਣਿਆ ਕਿ ਪਰਮੇ ਵਰ ਨੇ ਉਨਾਂ ਨੂੰ ਯਿਸੂ ਮਸੀਹ ਦੇ ਰਾਹੀਂ ਆਪਣੇ ਨਾਲ ਮਿਲਾ ਲਿਆ ਹੈ ਅਤੇ ਇਹ ਕਿ ਉਹ ਉਨਾਂ ਦੇ ਪਾਪਾਂ ਦਾ ਉਨਾਂ ਦੇ ਵਿਰੋਧ ਵਿਚ ਹਿਸਾਬ ਨਹੀਂ ਰਖਦਾ ਜਦੋਂ ਲੋਕ ਇਸ ਅਦਭੁਤ ਖੁ ਖਬਰੀ ਨੂੰ ਸੁਣ ਲੈਣਗੇ ਤਾਂ ਉਹ ਪਰਮੇ ਵਰ ਵੱਲ ਮੁੜਨਾ ਚਾਹੁਣਗੇ ਅਤੇ ਉਹਦੀ ਸੰਤਾਨ ਹੁੰਦੇ ਹੋਏ ਆਪਣਾ ਸਹੀ ਸਥਾਨ ਲੈਣਗੇ।

ਪਰ ਉਨ੍ਹਾਂ ਦਾ ਸੁਣਨਾ ਜਰੂਰੀ ਹੈ, ਅਤੇ ਪਰਮੇ ਵਰ ਨੇ ਤੁਹਾਨੂੰ ਚੁਣਿਆ ਹੈ ਕਿ ਤੁਸੀਂ ਉਨ੍ਹਾਂ ਨੂੰ ਦੱਸੋ, ਯਿਸੂ ਦੇ ਬਾਰੇ ਖੁ ਖਬਰੀ ਜੋ ਉਨ੍ਹਾਂ ਦੀ ਥਾਂ ਤੇ ਸਲੀਬ ਤੇ ਮਾਰਿਆ ਗਿਆ ਅਤੇ ਉਨਾਂ ਦੀ ਸ ਾ ਦਾ ਦੁਖ ਉਠਾਇਆ ਤਾਕਿ ਉਹ ਦੁਖ ਨਾ ਉਠਾਉਣ ਉਹ ਤੁਹਾਡੇ ਤੋਂ ਯਿਸੂ ਦੇ ਵਡਮੁਲੇ ਲਹੂ ਦੇ ਬਾਰੇ ਜਰੂਰ ਸੁਣਨ ਜੋ ਯਿਸੂ ਨੇ ਉਨਾਂ ਦੇ ਪਾਪਾਂ ਦੇ ਲਈ ਕੀਮਤ ਚਕਾਉਣ ਲਈ ਬਹਾਇਆ ਅਤੇ ਉਨਾਂ ਨੂੰ ਪਾਪ ਦੀ ਗੁਲਾਮੀ ਦੇ ਬਾਜਾਰ ਵਿਚੋਂ ਵਾਪਿਸ ਖਰੀਦਣ ਲਈ। ਉਹ ਕਿਸੇ ਤੇ ਵਿ ਵਾਸ ਨਹੀਂ ਕਰ ਸਕਦੇ ਜਿਸ ਬਾਰੇ ਉਨਾਂ ਨੇ ਸੁਣਿਆ ਨਹੀਂ।



ਉਹ ਤੁਹਾਡੇ ਤੋਂ ਜਰੂਰ ਸੁਣਨ ਕਿ, **ਪਰਮੇ ਵਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ।**

ਉਹ ਤੁਹਾਡੇ ਤੋਂ ਜਰੂਰ ਸੁਣਨ ਕਿ, **ਪਰਮੇ ਵਰ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ, ਸਾਡੀ ਖਾਤਰ ਪਾਪ ਠਹਿਰਾਇਆ ਤਾ ਜੋ ਅਸੀਂ ਉਸ ਵਿਚ ਹੋ ਕੇ ਪਰਮੇ ਵਰ ਦਾ ਧਰਮ ਬਣੀਏ।"**

ਉਹ ਤੁਹਾਡੇ ਤੋਂ ਜਰੂਰ ਸੁਣਨ, **ਪਰਮੇ ਵਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤ੍ਰ ਬਖ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਪਰਮੇ ਵਰ ਨੇ ਪੁੱਤ੍ਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋ ੀ ਠਹਿਰਾਏ ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ।**

ਉਹ ਤੁਹਾਡੇ ਤੋਂ ਜਰੂਰ ਸੁਣਨ, **ਪਾਪ ਦੀ ਮਜੂਰੀ ਤਾਂ ਮੌਤ ਹੈ ਪਰ ਪਰਮੇ ਵਰ ਦੀ ਬਖ ੀ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿਚ ਸਦੀਪਕ ਜੀਵਨ ਹੈ।"**

ਉਹ ਤੁਹਾਡੇ ਤੋਂ ਜਰੂਰ ਸੁਣਨ, **ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵਲੋਂ ਨਹੀਂ, ਇਹ ਪਰਮੇ ਵਰ ਦੀ ਬਖ ੀ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।"**

ਉਹ ਤੁਹਾਡੇ ਤੋ. ਜਰੂਰ ਸੁਣਨ, **ਜਿਹਦੇ ਕੋਲ ਪੁੱਤ੍ਰ ਹੈ ਉਹਦੇ ਕੋਲ ਜੀਵਨ ਹੈ। ਜਿਹਦੇ ਕੋਲ ਪਰਮੇ ਵਰ ਦਾ ਪੁੱਤਰ ਨਹੀਂ ਹੈ ਉਹਦੇ ਕੋਲ ਜੀਵਨ ਵੀ ਨਹੀਂ।"**

ਉਹ ਤੁਹਾਡੇ ਕੋਲੋਂ ਜਰੂਰ ਸੁਣਨ, **ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇ ਅਤੇ ਆਪਣੇ ਹਿਰਦੇ ਨਾਲ ਮੰਨ ਲਵੇ ਜੋ ਪਰਮੇ ਵਰ ਨੇ ਉਹ ਨੂੰ ਮੁਰਦਿਆਂ ਵਿਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਗਾ।"**

ਉਹ ਤੁਹਾਡੇ ਕੋਲੋਂ ਜਰੂਰ ਸੁਣਨ, **ਜੋ ਕੋਈ ਪ੍ਰਭੂ ਦਾ ਨਾਮ ਲੈ ਕੇ ਪੁਕਾਰੇਗਾ, ਬਚਾਇਆ ਜਾਵੇਗਾ।"**

ਉਹ ਤੁਹਾਡੇ ਕੋਲੋਂ ਜਰੂਰ ਸੁਣਨ, **ਪਰ ਜਿੰਨਿਆਂ ਨੇ ਉਸ ਨੂੰ (ਯਿਸੂ ਨੂੰ) ਕਬੂਲ ਕੀਤਾ ਉਸਨੇ ਉਨਾਂ ਨੂੰ ਪਰਮੇ ਵਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ, ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ ਉਹ ਨਾ ਲਹੂ ਤੋਂ ਨਾ ਸਰੀਰ ਦੀ ਇੱਛਿਆ ਤੋਂ ਨਾ ਪੁਰਖ ਦੀ ਇੱਛਿਆ ਤੋਂ ਪਰ ਪਰਮੇ ਵਰ ਤੋਂ ਪੈਦਾ ਹੋਏ।"**

ਯਾਦ ਰੱਖੋ, **ਸੋ ਪਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ।"**

ਇਸ ਲਈ, ਤੁਹਾਨੂੰ ਪਰਮੇ ਵਰ ਦੇ ਬਚਨ ਦੀ ਸਚਿਆਈ ਦਾ ਐਲਾਨ ਉਨਾਂ ਨੂੰ ਕਰਨਾ ਜਰੂਰੀ ਹੈ ਜੋ ਹਰ ਰੋਣ ਤੁਹਾਡੇ ਸੰਪਰਕ ਵਿਚ ਆਉਂਦੇ ਹਨ। ਜਦੋਂ ਉਹ ਸੁਣਨਗੇ ਕਿ ਯਿਸੂ ਕਿਸ ਤਰ੍ਹਾਂ ਦਾ ਹੈ ਅਤੇ ਉਸਨੇ ਉਨਾਂ ਲਈ ਕੀ ਕੀਤਾ ਤਾਂ ਉਹ ਪਰਮੇ ਵਰ ਕੋਲ ਭੱਜ ਕੇ ਆਉਣ ਦੇ ਯੋਗ ਹੋਣਗੇ ਅਤੇ ਉਸਦੇ ਅਨੰਤ ਜੀਵਨ ਦੇ ਵਰਦਾਨ ਨੂੰ ਜੱਫੀ ਪਾਉਣਗੇ ਉਸ ਦੀ ਥਾਂ ਕਿ ਉਹ ਭਜਣਗੇ ਅਤੇ ਉਸ ਤੋਂ ਲੁਕਣਗੇ, ਤਾਨ ਦੇ ਧੋਖੇ ਅਤੇ ਆਪਣੇ ਪਾਪਾਂ ਦੇ ਕਾਰਨ।

